NO PAID NEWS
ਰੋਜ਼ਾਨਾ ਨਿਰਪੱਖ ਤੇ ਨਿਡਰ ਵਿਚਾਰ

ਬਠਿੰਡਾ ਤੋਂ ਪ੍ਰਕਾਸ਼ਿਤ
(ਮਹੀਨਾਵਾਰ)

# ਰੋਜ਼ਾਨਾ ਸਵੇਰਾ

www.rozanasavera.com

ਪੰਜਾਬੀਆਂ ਦੇ ਹੱਕ ਦੀ ਆਵਾਜ਼.....

**ਅੱਜ ਦਾ ਵਿਚਾਰ**

"ਇਨਸਾਨ ਨੂੰ ਰੁੱਖਾਂ ਵਰਗਾ ਬਣਨਾ ਚਾਹੀਦਾ ਹੈ
ਜੋ ਆਪਣੇ ਕੋਲ ਆਏ ਹਰੇਕ ਇਨਸਾਨ ਨੂੰ ਜਾਤ,
ਧਰਮ ਤੇ ਨਸਲ ਪੁੱਛੇ ਬਗੈਰ ਬਰਾਬਰ ਦੀ ਛਾਂ ਦਿੰਦੇ ਹਨ।"

>> ਸੋਮਵਾਰ 15 ਜਨਵਰੀ 2024 >> Year's : 3rd, Issue : 1st >> ਮੁੱਖ ਸੰਪਾਦਕ:– ਰਮਨਪ੍ਰੀਤ ਸਿੰਘ >> Price: ₹ 5.00 , ਪੰਨੇ : 8 >> ਪੰਜਾਬੀ ਅਖ਼ਬਾਰ >> RNI NO. PUNPUN/2022/85991



## ਕਾਂਗਰਸ ਪ੍ਰਧਾਨ ਖੜਗੇ ਨੂੰ ਵਿਰੋਧੀ ਗਠਜੋੜ 'ਇੰਡੀਆ' ਦਾ ਪ੍ਰਧਾਨ ਬਣਾਉਣ 'ਤੇ ਬਣੀ ਸਹਿਮਤੀ : ਸੂਤਰ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**



ਵਿਰੋਧੀ ਪਾਰਟੀਆਂ ਦੇ ਗਠਜੋੜ 'ਇੰਡੀਆ' ਦਾ ਪ੍ਰਧਾਨ ਬਣਾਉਣ ਲਈ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਨਾਂ 'ਤੇ ਸ਼ਨੀਵਾਰ ਨੂੰ ਸਹਿਮਤੀ ਬਣ ਗਈ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਡਿਜੀਟਲ ਮਾਧਿਅਮ ਰਾਹੀਂ ਮੁਲਾਕਾਤ ਕੀਤੀ ਅਤੇ ਗਠਜੋੜ ਦੇ ਵੱਖ-ਵੱਖ ਪਹਿਲੂਆਂ ਅਤੇ ਅਪ੍ਰੈਲ-ਮਈ 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ 'ਤੇ ਚਰਚਾ ਕੀਤੀ।

ਸੂਤਰਾਂ ਨੇ ਦੱਸਿਆ ਕਿ ਤ੍ਰਿਣਮੂਲ ਕਾਂਗਰਸ ("$3), ਊਧਵ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਅਤੇ ਸਮਾਜਵਾਦੀ ਪਾਰਟੀ ਦੇ ਆਗੂ ਬੈਠਕ ਵਿਚ ਸ਼ਾਮਲ ਨਹੀਂ ਹੋਏ। ਸੂਤਰਾਂ ਮੁਤਾਬਕ ਖੜਗੇ ਨੂੰ 'ਇੰਡੀਆ' ਦਾ ਪ੍ਰਧਾਨ ਬਣਾਉਣ 'ਤੇ ਆਮ ਸਹਿਮਤੀ ਬਣੀ। ਰਾਸ਼ਟਰਪਤੀ ਦੇ ਅਹੁਦੇ 'ਤੇ ਨਿਯੁਕਤੀ ਬਾਰੇ ਅਧਿਕਾਰਤ ਐਲਾਨ ਦੀ ਉਡੀਕ ਹੈ। ਸੂਤਰਾਂ ਨੇ ਦੱਸਿਆ ਕਿ ਨੇਤਾਵਾਂ ਨੇ ਬਿਹਾਰ ਦੇ ਮੁੱਖ ਮੰਤਰੀ ਅਤੇ ਜਨਤਾ ਦਲ (ਯੂਨਾਈਟਿਡ) ਦੇ ਪ੍ਰਧਾਨ ਨਿਤੀਸ਼ ਕੁਮਾਰ ਨੂੰ ਵਿਰੋਧੀ ਗਠਜੋੜ ਦਾ ਕਨਵੀਨਰ ਬਣਾਉਣ ਦਾ ਵੀ ਫ਼ੈਸਲਾ ਕੀਤਾ ਹੈ ਪਰ ਅੰਤਿਮ ਫ਼ੈਸਲਾ ਉਨ੍ਹਾਂ ਪਾਰਟੀਆਂ ਨਾਲ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਲਿਆ ਜਾਵੇਗਾ, ਜਿਨ੍ਹਾਂ ਦੇ ਨੁਮਾਇੰਦੇ ਮੀਟਿੰਗ 'ਚ ਮੌਜੂਦ ਨਹੀਂ ਸਨ। ਦੱਸਣਯੋਗ ਹੈ ਕਿ ਆਗਾਮੀ ਲੋਕ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਮੁਕਾਬਲਾ ਕਰਨ ਲਈ 28 ਵਿਰੋਧੀ ਪਾਰਟੀਆਂ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਦੇ ਬੈਨਰ ਹੇਠ ਇਕੱਠੀਆਂ ਹੋ ਗਈਆਂ ਹਨ।

## ਦਿੱਲੀ 'ਚ ਤਾਪਮਾਨ 3.6 ਡਿਗਰੀ ਤੱਕ ਡਿੱਗਿਆ; ਧੁੰਦ ਕਾਰਨ ਆਮ ਜਨ ਜੀਵਨ ਪ੍ਰਭਾਵਿਤ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਭਾਰਤ ਮੌਸਮ ਵਿਗਿਆਨ ਵਿਭਾਗ ਨੇ ਕਿਹਾ ਕਿ ਸੀਤ ਲਹਿਰ ਤੇ ਸੰਘਣੀ ਧੁੰਦ ਨੇ ਰਾਸ਼ਟਰੀ ਰਾਜਧਾਨੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ ਅਤੇ ਘੱਟੋ-ਘੱਟ ਤਾਪਮਾਨ ਰਿਕਾਰਡ 3.6 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ। ਇਹ ਔਸਤ ਤੋਂ ਚਾਰ ਡਿਗਰੀ ਘੱਟ ਹੈ। ਭਾਰਤੀ ਰੇਲਵੇ ਮੁਤਾਬਕ ਧੁੰਦ ਅਤੇ ਸੀਤ ਲਹਿਰ ਕਾਰਨ 18 ਰੇਲ ਗੱਡੀਆਂ ਕਈ ਘੰਟਿਆਂ ਦੀ ਦੇਰੀ ਨਾਲ ਚੱਲ ਰਹੀਆਂ ਸਨ। ਧੁੰਦ ਦਾ ਅਸਰ ਹਵਾਈ ਆਵਾਜਾਈ 'ਤੇ ਵੀ ਪਿਆ ਹੈ।

## ਰਾਜ ਸਭਾ ਚੋਣਾਂ 'ਚ ਬਿਨਾਂ ਮੁਕਾਬਲਾ ਚੁਣੇ ਗਏ ਸੰਜੇ ਸਿੰਘ, ਐਨ ਡੀ ਗੁਪਤਾ ਤੇ ਸਵਾਤੀ ਮਾਲੀਵਾਲ




**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਰਾਜ ਸਭਾ ਲਈ ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਵੱਲੋਂ ਨਾਮਜ਼ਦ ਸੰਜੇ ਸਿੰਘ, ਐਨ. ਡੀ. ਗੁਪਤਾ ਅਤੇ ਸਵਾਤੀ ਮਾਲੀਵਾਲ ਬਿਨਾਂ ਮੁਕਾਬਲਾ ਚੁਣੇ ਗਏ ਹਨ। ਇਨ੍ਹਾਂ ਚੋਣਾਂ ਲਈ ਕਿਸੇ ਹੋਰ ਪਾਰਟੀ ਨੇ ਉਮੀਦਵਾਰ ਖੜ੍ਹੇ ਨਹੀਂ ਕੀਤੇ ਸਨ। ਦਿੱਲੀ ਦੇ ਮੁੱਖ ਚੋਣ ਅਧਿਕਾਰੀ (ਸੀ. ਈ. ਓ.) ਦਫਤਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਰਾਜ ਸਭਾ ਲਈ ਨਾਮਜ਼ਦ ਕੀਤੇ ਗਏ ਤਿੰਨੋਂ ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ ਹਨ ਅਤੇ ਅੱਜ ਸਰਟੀਫਿਕੇਟ ਵੀ ਜਾਰੀ ਕਰ ਦਿੱਤੇ ਗਏ ਹਨ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪਾਰਟੀ ਦੇ ਨਵੇਂ ਚੁਣੇ ਗਏ ਰਾਜ ਸਭਾ ਮੈਂਬਰਾਂ ਨੂੰ ਵਧਾਈ ਦਿੱਤੀ। ਕੇਜਰੀਵਾਲ ਨੇ 'ਐਕਸ' 'ਤੇ ਇਕ ਪੋਸਟ ਵਿਚ ਕਿਹਾ ਕਿ ਰਾਜ ਸਭਾ ਲਈ ਚੁਣੇ ਗਏ ਆਮ ਆਦਮੀ ਪਾਰਟੀ ਦੇ ਤਿੰਨੋਂ ਨੇਤਾਵਾਂ ਨੂੰ ਬਹੁਤ-ਬਹੁਤ ਵਧਾਈ ਅਤੇ ਸ਼ੁੱਭਕਾਮਨਾਵਾਂ। ਮੈਨੂੰ ਭਰੋਸਾ ਹੈ ਕਿ ਤੁਸੀਂ ਆਮ ਆਦਮੀ ਦੇ ਮੁੱਦਿਆਂ ਨੂੰ ਸੰਸਦ ਵਿਚ ਮਜ਼ਬੂਤੀ ਨਾਲ ਚੁੱਕੋਗੇ ਅਤੇ ਦਿੱਲੀ ਦੀ ਜਨਤਾ ਦੇ ਅਧਿਕਾਰਾਂ ਲਈ ਲੜੋਗੇ। ਦੱਸ ਦੇਈਏ ਕਿ ਸੰਜੇ ਸਿੰਘ, ਐਨ. ਡੀ. ਗੁਪਤਾ ਅਤੇ ਦਿੱਲੀ ਮਹਿਲਾ ਕਮਿਸ਼ਨ ਦੀ ਸਾਬਕਾ ਪ੍ਰਧਾਨ ਸਵਾਤੀ ਮਾਲੀਵਾਲ ਨੇ 19 ਜਨਵਰੀ ਦੀਆਂ ਰਾਜ ਸਭਾ ਚੋਣਾਂ ਲਈ ਆਪਣਾ ਨਾਮਜ਼ਦਗੀ ਪੱਤਰ 8 ਜਨਵਰੀ ਨੂੰ ਦਾਖ਼ਲ ਕੀਤਾ ਸੀ।

## ਮੋਦੀ ਨੇ 22 ਜਨਵਰੀ ਨੂੰ ਸਾਰੇ ਘਰਾਂ 'ਚ ਜੋਤ ਜਗਾਉਣ ਦੀ ਕੀਤੀ ਅਪੀਲ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਡੀਓ ਕਾਨਫਰੈਂਸਿੰਗ ਰਾਹੀਂ ਜੂਨਾਗੜ੍ਹ 'ਚ 'ਆਈ ਸ਼੍ਰੀ ਸੋਨਲ ਮਾਂ' ਦੇ ਜਨਮ ਸ਼ਤਾਬਦੀ ਸਮਾਰੋਹ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ,''ਸੋਨਲ ਮਾਂ ਇਸ ਗੱਲ ਦੀ ਉਦਾਹਰਣ ਰਹੀ ਹੈ ਕਿ ਭਾਰਤ ਜ਼ਮੀਨ ਕਿਸੇ ਵੀ ਯੁੱਗ 'ਚ ਅਵਤਾਰੀ ਆਤਮਾਵਾਂ ਤੋਂ ਰਹਿਤ ਨਹੀਂ ਰਹੀ ਹੈ। ਗੁਜਰਾਤ ਅਤੇ ਸੌਰਾਸ਼ਟਰ ਦੀ ਇਹ ਭੂਮੀ ਵਿਸ਼ੇਸ਼ ਰੂਪ ਨਾਲ ਮਹਾਨ ਸੰਤਾਂ ਦੀ ਭੂਮੀ ਰਹੀ ਹੈ। ਇਸ ਦੌਰਾਨ ਉਨ੍ਹਾਂ ਕਿਹਾ,''ਸੋਨਲ ਮਾਂ ਸਮਾਜ ਨੂੰ ਕੁਰੀਤੀਆਂ ਤੋਂ ਬਚਾਉਣ ਲਈ ਲਗਾਤਾਰ ਕੰਮ ਕਰਦੀ ਰਹੀ। ਸੋਨਲ ਮਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਇਕ ਮਜ਼ਬੂਰ ਪ੍ਰਹਿਰੀ ਸਨ। ਭਾਰਤ ਵੰਡ ਦੇ ਸਮੇਂ ਜਦੋਂ ਜੂਨਾਗੜ੍ਹ ਨੂੰ ਤੋੜਨ ਦੀਆਂ ਸਾਜਿਸ਼ਾਂ ਚੱਲ ਰਹੀਆਂ ਸਨ ਤਾਂ ਉਸ ਖ਼ਿਲਾਫ਼ ਸ਼੍ਰੀ ਸੋਨਲ ਮਾਂ, ਚੰਡੀ ਦੀ ਤਰ੍ਹਾਂ ਉੱਠ ਖੜ੍ਹੀ ਹੋਈ ਸੀ। ਅੱਜ ਜਦੋਂ ਅਯੁੱਧਿਆ 'ਚ 22 ਜਨਵਰੀ ਨੂੰ ਸ਼੍ਰੀ ਰਾਮ ਮੰਦਰ 'ਚ ਪ੍ਰਾਣ ਪ੍ਰਤਿਸ਼ਠਾ ਦਾ ਪ੍ਰੋਗਰਾਮ ਹੋਣ ਜਾ ਰਿਹਾ ਹੈ ਤਾਂ ਸ਼੍ਰੀ ਸੋਨਲ ਮਾਂ ਕਿੰਨੀ ਖੁਸ਼ ਹੋਵੇਗੀ। ਅੱਜ ਮੈਂ ਤੁਹਾਨੂੰ ਸਾਰਿਆਂ ਨੂੰ 22 ਜਨਵਰੀ ਨੂੰ ਆਪਣੇ ਘਰਾਂ 'ਚ ਸ਼੍ਰੀ ਰਾਮ ਜੋਤ ਜਗਾਉਣ ਦੀ ਅਪੀਲ ਕਰਾਂਗਾ। ਕੱਲ੍ਹ ਤੋਂ ਹੀ ਅਸੀਂ ਦੇਸ਼ ਭਰ ਦੇ ਮੰਦਰਾਂ 'ਚ ਸਵੱਛਤਾ ਮੁਹਿੰਮ ਵੀ ਸ਼ੁਰੂ ਕੀਤੀ ਹੈ।

## ਖੇਡ ਮੰਤਰੀ ਮੀਤ ਹੇਅਰ ਨੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨੇ ਤੇ ਚਾਂਦੀ ਦਾ ਤ਼ਗਮਾ ਜਿੱਤਣ ਲਈ ਸਿ਼ਫਤ ਕੌਰ ਸਮਰਾ ਨੂੰ ਦਿੱਤੀ ਵਧਾਈ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਜਕਾਰਤਾ ਵਿਖੇ ਚੱਲ ਰਹੀ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨੇ ਤੇ ਚਾਂਦੀ ਦਾ ਤਗਮਾ ਜਿੱਤਣ ਵਾਲੀ ਫਰੀਦਕੋਟ ਦੀ ਨਿਸ਼ਾਨੇਬਾਜ਼ ਸਿ਼ਫਤ ਕੌਰ ਸਮਰਾ ਨੂੰ ਵਧਾਈ ਦਿੱਤੀ ਹੈ।ਸਿ਼ਫਤ ਨੇ ਟੀਮ ਈਵੈਂਟ ਵਿੱਚ ਸੋਨੇ ਅਤੇ ਵਿਅਕਤੀਗਤ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ। ਖੇਡ ਮੰਤਰੀ ਨੇ ਕਿਹਾ ਕਿ ਸਿ਼ਫਤ ਕੌਰ ਸਮਰਾ ਨੇ ਨਿਰੰਤਰ ਵਧੀਆ ਪ੍ਰਦਰਸ਼ਨ ਨਾਲ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਸਿ਼ਫਤ ਨੇ ਪਿਛਲੇ ਸਾਲ ਏਸ਼ੀਅਨ ਗੇਮਜ਼ ਵਿੱਚ ਵਿਸ਼ਵ ਰਿਕਾਰਡ ਨਾਲ ਸੋਨੇ ਤੇ ਚਾਂਦੀ ਦਾ ਤਮਗ਼ਾ ਜਿੱਤਿਆ। ਵਿਸ਼ਵ ਕੱਪ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ ਸੀ। ਇਸ ਤੋਂ ਵੀ ਅਹਿਮ ਗੱਲ ਪੈਰਿਸ ਓਲੰਪਿਕ ਖੇਡਾਂ ਲਈ ਵੀ ਕੁਆਲੀਫਾਈ ਕੀਤਾ।

ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤਾਂ ਜੋ ਵਿਸ਼ਵ ਪੱਧਰ 'ਤੇ ਸੂਬੇ ਦੀ ਸ਼ਾਨ ਨੂੰ ਮੁੜ ਬਹਾਲ ਕੀਤਾ ਜਾ ਸਕੇ। ਨਵੀਂ ਖੇਡ ਨੀਤੀ ਤਹਿਤ ਜਿੱਥੇ ਖਿਡਾਰੀਆਂ ਨੂੰ ਨਗਦ ਇਨਾਮ ਦਿੱਤੇ ਜਾ ਰਹੇ ਹਨ ਉੱਥੇ ਖੇਡ ਮੁਕਾਬਲਿਆਂ ਦੀ ਤਿਆਰੀ ਲਈ ਵੀ ਨਗਦ ਰਾਸ਼ੀ ਦਿੱਤੀ ਜਾ ਰਹੀ ਹੈ। ਮੀਤ ਹੇਅਰ ਨੇ ਸਿ਼ਫਤ ਕੌਰ ਸਮਰਾ ਦੀ ਪ੍ਰਾਪਤੀ ਲਈ ਉਸ ਦੇ ਮਾਪਿਆਂ ਤੇ ਕੋਚ ਨੂੰ ਵੀ ਵਧਾਈ ਦਿੱਤੀ ਹੈ। ਜਕਾਰਤਾ ਵਿਖੇ ਚੱਲ ਰਹੀ ਏਸ਼ੀਅਨ ਚੈਂਪੀਅਨਸ਼ਿਪ-2024 (ਰਾਈਫਲ/ਪਿਸਟਲ) ਵਿੱਚ ਵਿਅਕਤੀਗਤ ਵਰਗ ਵਿੱਚ ਸਿ਼ਫਤ ਕੌਰ ਸਮਰਾ ਨੇ 460.6 ਅੰਕ ਹਾਸਲ ਕਰ ਕੇ ਚਾਂਦੀ ਦਾ ਤਮਗ਼ਾ ਜਿੱਤਿਆ।

## ਸਰਹੱਦੀ ਸੜਕ ਸੰਗਠਨ ਦੇ ਮਜ਼ਦੂਰਾਂ ਨੂੰ ਮਿਲੇਗਾ ਬੀਮੇ ਦਾ ਲਾਭ, ਰੱਖਿਆ ਮੰਤਰੀ ਪ੍ਰਸਤਾਵ ਨੂੰ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**



ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਰਹੱਦੀ ਸੜਕ ਸੰਗਠਨ ਅਤੇ ਜਨਰਲ ਰਿਜ਼ਰਵ ਇੰਜੀਨੀਅਰ ਫ਼ੋਰਸ ਵਲੋਂ ਵੱਖ-ਵੱਖ ਪ੍ਰਾਜੈਕਟ ਕੰਮਾਂ ਲਈ ਨਿਯੋਜਿਤ ਆਕਸਮਿਕ ਭੁਗਤਾਨ ਵਾਲੇ ਮਜ਼ਦੂਰਾਂ (ਸੀ.ਪੀ.ਐੱਲ.) ਨੂੰ 10 ਲੱਖ ਰੁਪਏ ਦੀ ਬੀਮਾ ਸਹੂਲਤ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਮੂਹ (ਟਰਮ) ਬੀਮਾ ਯੋਜਨਾ ਦੇ ਅਧੀਨ ਆਕਸਮਿਕ ਭੁਗਤਾਨ ਵਾਲੇ ਮਜ਼ਦੂਰਾਂ (ਸੀ.ਪੀ.ਐੱਲ.) ਦੀ ਕਿਸੇ ਵੀ ਤਰ੍ਹਾਂ ਦੀ ਮੌਤ 'ਤੇ ਉਨ੍ਹਾਂ ਦੇ ਪਰਿਵਾਰ ਜਾਂ ਨਜ਼ਦੀਕੀ ਸੰਬੰਧੀਆਂ ਨੂੰ ਬੀਮੇ ਵਜੋਂ 10 ਲੱਖ ਰੁਪਏ ਮੁੱਲ ਦੀ ਬੀਮਾ ਰਾਸ਼ੀ ਪ੍ਰਦਾਨ ਕੀਤੀ ਜਾਵੇਗੀ। ਰੱਖਿਆ ਮੰਤਰਾਲੇ ਨੇ ਸ਼ਨੀਵਾਰ ਨੂੰ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਖ਼ਤਰਨਾਕ ਕੰਮ ਵਾਲੀਆਂ ਥਾਵਾਂ, ਖ਼ਰਾਬ ਮੌਸਮ, ਦੂਰ-ਦੁਰਾਡੇ ਦੇ ਖੇਤਰਾਂ ਅਤੇ ਪੇਸ਼ੇ ਕਾਰਨ ਪੈਦਾ ਹੋਈਆਂ ਸਿਹਤ ਸੰਬੰਧੀ ਖ਼ਤਰੇ ਵਾਲੀਆਂ ਸਥਿਤੀਆਂ 'ਚ ਤਾਇਨਾਤ ਸੀ.ਪੀ.ਐੱਲ. ਦੇ ਜੀਵਨ ਦੇ ਗੰਭੀਰ ਜ਼ੋਖ਼ਮ ਨੂੰ ਧਿਆਨ 'ਚ ਰੱਖਦੇ ਹੋਏ ਅਤੇ ਉਨ੍ਹਾਂ ਦੇ ਨਿਯੋਜਨ ਕਾਲ ਦੌਰਾਨ ਹੋਈਆਂ ਮੌਤਾਂ 'ਤੇ ਵਿਚਾਰ ਕਰਦੇ ਹੋਏ ਮਨੁੱਖੀ ਆਧਾਰ 'ਤੇ ਬੀਮਾ ਕਵਰੇਜ਼ ਦਾ ਪ੍ਰਬੰਧ ਸੀ.ਪੀ.ਐੱਲ. ਲਈ ਮਨੋਬਲ ਵਧਾਉਣ ਵਾਲਾ ਇਕ ਠੋਸ ਕਦਮ ਸਾਬਿਤ ਹੋਵੇਗਾ। ਇਹ ਯੋਜਨਾ ਦੇਸ਼ ਦੇ ਅੰਦਰੂਨੀ ਅਤੇ ਦੂਰ-ਦੁਰਾਡੇ ਦੇ ਇਲਾਕਿਆਂ 'ਚ ਕੰਮ ਕਰਨ ਵਾਲੇ ਸੀ.ਪੀ.ਐੱਲ. ਲਈ ਸਮਾਜਿਕ ਸੁਰੱਖਿਆ ਅਤੇ ਕਲਿਆਣ ਨਾਲ ਜੁੜੇ ਇਕ ਉਪਾਅ ਵਜੋਂ ਕੰਮ ਕਰੇਗੀ। ਇਸ ਨਾਲ ਉਨ੍ਹਾਂ ਦੇ ਪਰਿਵਾਰਾਂ ਦੀ ਰੋਜ਼ੀ-ਰੋਟੀ ਸੁਰੱਖਿਅਤ ਕਰਨ 'ਚ ਕਾਫ਼ੀ ਮਦਦ ਮਿਲੇਗੀ। ਦੱਸਣਯੋਗ ਹੈ ਕਿ ਰੱਖਿਆ ਮੰਤਰੀ ਨੇ ਹਾਲ ਹੀ 'ਚ ਸੀ.ਪੀ.ਐੱਲ. ਦੀ ਬਿਹਤਰੀ ਲਈ ਕਈ ਕਲਿਆਣਕਾਰੀ ਉਪਾਵਾਂ ਨੂੰ ਮਨਜ਼ੂਰੀ ਦਿੱਤੀ ਸੀ। ਇਨ੍ਹਾਂ 'ਚ ਮ੍ਰਿਤਕ ਦੇਹਾਂ ਦੀ ਸੁਰੱਖਿਆ ਅਤੇ ਆਵਾਜਾਈ ਅਤੇ ਸਹਾਇਕ (ਅਟੇਂਡੇਂਟ) ਦੇ ਆਵਾਜਾਈ ਭੱਤੇ ਦੀ ਸਹੂਲਤ, ਅੰਤਿਮ ਸੰਸਕਾਰ ਸੰਬੰਧੀ ਮਦਦ 1,000 ਰੁਪਏ ਤੋਂ ਵਧਾ ਕੇ 10,000 ਰੁਪਏ ਕੀਤੀ ਜਾਣੀ ਅਤੇ ਮੌਤ ਆਦਿ ਦੀ ਸਥਿਤੀ 'ਚ ਤੁਰੰਤ ਮਦਦ ਵਜੋਂ 50,000 ਰੁਪਏ ਦੀ ਮੁਆਵਜ਼ਾ ਰਾਸ਼ੀ ਦਾ ਮੋਹਰੀ ਭੁਗਤਾਨ ਸ਼ਾਮਲ ਹੈ।

## ਫੀਲਡ ਮੁਲਾਜਮ ਜਲ ਸਪਲਾਈ ਮੰਤਰੀ ਦੇ ਖਿਲਾਫ਼ 15 ਜਨਵਰੀ ਨੂੰ ਹੁਸ਼ਿਆਰਪੁਰ ਵਿਖੇ ਲਾਉਣਗੇ ਪੱਕਾ ਮੋਰਚਾ

### ਮੰਗਾਂ ਦਾ ਹੱਲ ਨਾਂ ਹੋਣ ਤੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ



**ਪਟਿਆਲਾ,/ -ਰੋਜ਼ਾਨਾ ਸਵੇਰਾ-**

ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ( ਹੈਡ ਆਫਿਸ ਚੰਡੀਗੜ੍ਹ) ਦੀ ਮੀਟਿੰਗ ਮੱਖਣ ਸਿੰਘ ਵਾਹਿਦਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖੋਖਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਅਤੇ ਵਿਭਾਗੀ ਮੰਗਾਂ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹਨ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਤੇ ਵਿਭਾਗੀ ਮੁੱਖੀ ਵੱਲੋਂ ਮੀਟਿੰਗਾਂ ਵਿੱਚ ਮੰਗਾਂ ਮੰਨਣ ਤੋਂ ਬਾਅਦ ਵੀ ਮਸਲੇ ਹੱਲ ਨਹੀਂ ਕੀਤੇ ਗਏ ਮੁਲਾਜਮਾਂ ਦੀਆਂ ਮੰਗਾਂ ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਨੂੰ ਨੌਕਰੀਆਂ ਦੇਣਾ ਲੰਬੇ ਸਮੇਂ ਤੋਂ ਇਹਨਾਂ ਕੇਸਾਂ ਨੂੰ ਲਟਕਾਇਆ ਜਾ ਰਿਹਾ ਹੈ,ਜਦੋਂ ਕਿ ਬੜੇ ਦੁੱਖ ਦੀ ਗੱਲ ਹੈ ਕਿ ਮਹਿਕਮੇ ਵਿੱਚ ਕਰੀਬ 100 ਤੋਂ ਵੱਧ ਮੁਲਾਜ਼ਮਾਂ ਦੀ ਮੌਤ ਹੋ ਚੁੱਕੀ ਹੈ। ਕੰਨਟੈਕਟ,ਆਊਟਸੋਰਸਿੰਗ, ਇੰਨਲਿਸਟਮਿੰਟ ਕਾਮੇ ਅਤੇ ਠੇਕੇ ਤੇ ਕੰਮ ਕਰਦੇ ਕਰਮਚਾਰੀਆਂ ਨੂੰ 15-15 ਸਾਲ ਕੰਮ ਕਰਦਿਆਂ ਹੋ ਗਏ ਮਹਿਕਮਾ ਕੋਈ ਪੋਲਿਸੀ ਨਹੀਂ ਬਣਾ ਰਿਹਾ ਇਹਨਾਂ ਨੂੰ ਮਹਿਕਮੇ ਵਿੱਚ ਲੈ ਕੇ ਰੈਗੂਲਰ ਕੀਤਾ ਜਾਵੇ ਜਦੋਂ ਕਿ ਮਹਿਕਮੇ ਵਿੱਚ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ ਖਾਲੀ ਪੋਸਟਾਂ ਨੂੰ ਤਰੁੰਤ ਭਰਿਆ ਜਾਵੇ, ਮਹਿਕਮੇ ਵਿੱਚ 6%ਕੋਟੇ ਅਧੀਨ ਮੁਲਾਜ਼ਮਾਂ ਨੂੰ ਜੂਨੀਅਰ ਇੰਜੀਨੀਅਰ ਪਦ ਉੱਨਤ ਨਹੀਂ ਕੀਤਾ ਜਾ ਰਿਹਾ ਜਦਕਿ ਉਹਨਾਂ ਵੱਲੋਂ ਵਿਭਾਗੀ ਟੈਸਟ ਪਾਸ ਕਰ ਲਿਆ ਹੈ 15% ਕੋਟੇ ਅਧੀਨ ਮੁਲਾਜ਼ਮਾਂ ਨੂੰ ਜੂਨੀਅਰ ਇੰਜੀਨੀਅਰ ਪਦ ਉੱਨਤ ਕਰਨ ਲਈ ਬੇ ਫਜ਼ੂਲ ਇਤਰਾਜ਼ ਲਾ ਕੇ ਲਟਕਾਇਆ ਜਾ ਰਿਹਾ ਹੈ ਉਥੇ ਸੀਨੀਅਰਤਾ ਸੂਚੀ ਤੋੜ ਕੇ ਪਦਉਨਤੀ ਕੀਤੀ ਗਈ ਹੈ।,ਜੀ ਪੀ ਐਫ ਅਤੇ ਐਨ ਪੀ ਐਸ ਦੇ ਕੇਸ ਲੰਮੇ ਸਮੇਂ ਤੋਂ ਰੁਲ਼ ਰਹੇ ਹਨ ,ਰਿੱਟ ਪਟੀਸ਼ਨਾ ਦੇ ਬਕਾਇਆਂ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ ਦਰਜਾ ਤਿੰਨ ਫੀਲਡ ਕਰਮਚਾਰੀਆਂ ਨੂੰ ਕੰਨਵੈਨਸ ਅਲਾਊਸ ਦੇਣਾ,ਅਤੇ ਹੋਰ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਹੱਲ ਨਹੀਂ ਹੋ ਰਿਹਾ, ਮਹਿਕਮੇ ਦੇ ਅਧਿਕਾਰੀਆਂ ਵੱਲੋਂ ਟਾਲ ਮਟੋਲ ਕੀਤੀ ਜਾ ਰਹੀ ਹੈ ਪ੍ਰੈਸ ਬਿਆਨ ਜਾਰੀ ਕਰਦਿਆਂ ਸੂਬਾ ਆਗੂ ਲਖਵਿੰਦਰ ਸਿੰਘ ਖ਼ਾਨਪੁਰ ਨੇ ਕਿਹਾ ਕਿ ਮੀਟਿੰਗ ਦੌਰਾਨ ਸੂਬਾ ਕਮੇਟੀ ਨੇ ਫੈਸਲਾ ਕੀਤਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਦੇ ਖਿਲਾਫ਼ ਮਿਤੀ 15 ਜਨਵਰੀ ਨੂੰ ਹੁਸਿ ?ਆਰਪੁਰ ਵਿਖੇ ਵੱਡੀ ਗਿਣਤੀ ਵਿੱਚ ਪੰਜਾਬ ਭਰ ਦੇ ਜਲ ਸਪਲਾਈ ਤੇ ਵੱਖ ਵੱਖ ਵਿੰਗਾ ਦੇ ਮੁਲਾਜਮਾਂ ਵੱਲੋਂ ਰੋਸ ਪ ?ਦਰਸ਼ਨ ਕੀਤਾ ਜਾਵੇਗਾ ਜਿਸ ਵਿੱਚ ਪੰਜਾਬ ਭਰ ਤੋਂ ਮੁਲਾਜਮ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਕੋਟੇ ਲਾਏ ਗਏ। ਰੋਸ ਪ ?ਦਰਸ਼ਨ ਦੌਰਾਨ ਤਿਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਮੀਟਿੰਗ ਵਿੱਚ ਦਰਸ਼ਨ ਬੇਲੂਮਾਜਰਾ, ਅਨਿਲ ਬਰਨਾਲਾ, ਹਰਪ੍ਰੀਤ ਸਿੰਘ ਗਰੇਵਾਲ, ਅਮਰਜੀਤ ਹੁਸ਼ਿਆਰਪੁਰ, ਕਰਮ ਸਿੰਘ ਰੋਪੜ,ਮਾਲਵਿੰਦਰ ਸੰਧੂ ,ਦਰਸ਼ਨ ਚੀਮਾ,ਮੋਹਣ ਸਿੰਘ ਪੂਨੀਆਂ, ਲਖਵੀਰ ਭਾਗੀਵਾਂਦਰ, ਬਲਰਾਜ ਮੌੜ, ਹਰਬੀਰ ਸਿੰਘ ਸੁਨਾਮ ਤੇ ਹੋਰ ਵੀ ਸੁਬਾਈ ਆਗੂ ਸ਼ਾਮਲ ਹੋਏ। ਮੀਟਿੰਗ ਦੌਰਾਨ ਜਥੇਬੰਦੀ ਵੱਲੋਂ ਆਪਣਾ ਨਵੇਂ ਸਾਲ ਦਾ ਕੈਲੰਡਰ ਰਿਲੀਜ਼ ਕੀਤਾ ਗਿਆ।

## ਪੰਜਾਬੀ ਯੂਨੀਵਰਸਿਟੀ ਨੇ ਸਾਲ ਵਿਚ ਦੋ ਵਾਰ ਦਾਖ਼ਲੇ ਕਰਨ ਦਾ ਕੀਤਾ ਐਲਾਨ; ਜਨਵਰੀ ਅਤੇ ਜੂਨ ਵਿਚ ਹੋਣਗੇ !




**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬੀ ਯੂਨੀਵਰਸਿਟੀ ਤੋਂ ਦੂਰਵਰਤੀ ਵਿਧੀ ਰਾਹੀਂ ਸਿੱਖਿਆ ਹਾਸਲ ਕਰਨ ਦੇ ਇੱਛੁਕ ਵਿਦਿਆਰਥੀ ਹੁਣ ਆਪਣੇ ਦਾਖ਼ਲੇ ਸੰਬੰਧੀ ਸਾਲ ਵਿੱਚ ਦੋ ਵਾਰ ਮੌਕਾ ਪ੍ਰਾਪਤ ਕਰ ਸਕਣਗੇ। ਯੂਨੀਵਰਸਿਟੀ ਦਾ 'ਸੈਂਟਰ ਫ਼ਾਰ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਨ', ਜਿਸ ਨੂੰ ਕਿ ਪਹਿਲਾਂ ਦੂਰਵਰਤੀ (ਡਿਸਟੈਂਸ) ਸਿੱਖਿਆ ਵਿਭਾਗ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਹੁਣ ਤੋਂ ਵੱਖ-ਵੱਖ ਕੋਰਸਾਂ ਦੇ ਹਿਸਾਬ ਨਾਲ਼ ਸਾਲ ਵਿੱਚ ਦੋ ਵਾਰ ਦਾਖ਼ਲੇ ਦੀ ਪੇਸ਼ਕਸ਼ ਕਰੇਗਾ। ਸੈਂਟਰ ਦੇ ਡਾਇਰੈਕਟਰ ਡਾ. ਹਰਵਿੰਦਰ ਕੌਰ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਵਿਦਿਆਰਥੀਆਂ ਲਈ ਹਰੇਕ ਸਾਲ ਜਨਵਰੀ ਅਤੇ ਜੁਲਾਈ ਮਹੀਨੇ ਦੌਰਾਨ ਵੱਖ-ਵੱਖ ਕੋਰਸਾਂ ਵਿੱਚ ਦਾਖ਼ਲੇ ਦਾ ਮੌਕਾ ਉਪਲਬਧ ਹੋਵੇਗਾ। ਜ਼ਿਕਰਯੋਗ ਹੈ ਕਿ ਇਸੇ ਫ਼ੈਸਲੇ ਦੀ ਲੋਅ ਵਿੱਚ ਹੁਣ ਜਨਵਰੀ 2024 ਸਬੰਧੀ ਦਾਖ਼ਲਿਆਂ ਦਾ ਪ੍ਰਾਸਪੈਕਟਸ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਜਾਰੀ ਕਰ ਦਿੱਤਾ ਗਿਆ ਹੈ। ਪ੍ਰਾਸਪੈਕਟਸ ਅਨੁਸਾਰ ਬੀ.ਏ., ਬੀ.ਕੌਮ.,ਬੀ. ਲਿਬ., ਐੱਮ. ਏ. (ਅੰਗਰੇਜ਼ੀ), ਐੱਮ. ਏ. (ਐਜੂਕੇਸ਼ਨ), ਐੱਮ. ਏ. (ਪੱਤਰਕਾਰਤਾ ਅਤੇ ਜਨ ਸੰਚਾਰ) ਅਤੇ ਐੱਮ. ਬੀ. ਏ. ਵਿੱਚ ਦਾਖ਼ਲਾ ਲਿਆ ਜਾ ਸਕਦਾ ਹੈ। ਇਨ੍ਹਾਂ ਕੋਰਸਾਂ ਦੇ ਚਾਹਵਾਨ ਉਮੀਦਵਾਰ ਔਫ਼ਲਾਈਨ ਅਤੇ ਆਨਲਾਈਨ ਮੋਡ ਰਾਹੀਂ ਦਾਖ਼ਲੇ ਲਈ ਅਰਜ਼ੀ ਦੇ ਸਕਦੇ ਹਨ। ਇਸ ਸੰਬੰਧੀ ਫ਼ੀਸ ਬੈਂਕ ਵਿੱਚ ਆਨਲਾਈਨ (ਐੱਸ. ਬੀ. ਆਈ. ਕੁਲੈਕਟ ਰਾਹੀਂ) ਅਤੇ ਔਫ਼ਲਾਈਨ (ਕੋਰ ਬੈਂਕਿੰਗ ਸਲਿੱਪ ਰਾਹੀਂ ਬੈਂਕ ਵਿੱਚ) ਜਮ੍ਹਾਂ ਕਰਵਾਈ ਜਾ ਸਕਦੀ ਹੈ। ਕੋਰ ਬੈਂਕਿੰਗ ਸਲਿੱਪ ਕੇਂਦਰ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ। ਹੋਰ ਵਧੇਰੇ ਜਾਣਕਾਰੀ ਵੀ ਕੇਂਦਰ ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਮਜ਼ਦੂਰੀ ਕਰ ਰਹੀ ਮਾਂ 'ਤੇ ਟੁੱਟਿਆ ਦੁੱਖਾਂ ਦਾ ਪਹਾੜ, 7 ਮਹੀਨੇ ਦੇ ਬੱਚੇ ਨੂੰ ਨੋਚ-ਨੋਚ ਖਾ ਗਏ ਕੁੱਤੇ

**ਭੋਪਾਲ,**
**-ਰੋਜ਼ਾਨਾ ਸਵੇਰਾ-**



ਮੱਧ ਪ੍ਰਦੇਸ਼ 'ਚ ਭੋਪਾਲ ਦੇ ਅਯੁੱਧਿਆ ਨਗਰ ਖੇਤਰ ਵਿਚ ਮਜ਼ਦੂਰੀ ਕਰਨ ਆਏ ਪਰਿਵਾਰ ਦੇ 7 ਮਹੀਨੇ ਦੇ ਬੱਚੇ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਦਿੱਤਾ। ਘਟਨਾ ਦੇ ਸਮੇਂ ਮਾਂ ਬੱਚੇ ਨੂੰ ਜ਼ਮੀਨ 'ਤੇ ਲਿਟਾ ਕੇ ਨੇੜੇ ਹੀ ਮਜ਼ਦੂਰੀ ਕਰ ਰਹੀ ਸੀ। ਅਯੁੱਧਿਆ ਨਗਰ ਪੁਲਸ ਥਾਣੇ ਦੇ ਇੰਚਾਰਜ ਇੰਸਪੈਕਟਰ ਮਹੇਸ਼ ਨਿਲਹਾਰੇ ਨੇ ਦੱਸਿਆ ਕਿ ਘਟਨਾ ਬੁੱਧਵਾਰ ਦੁਪਹਿਰ ਦੀ ਹੈ। ਗੁਣਾ ਜ਼ਿਲ੍ਹੇ ਤੋਂ ਭੋਪਾਲ ਵਿਚ ਮਜ਼ਦੂਰੀ ਕਰਨ ਆਏ ਪਰਿਵਾਰ ਦੇ 7 ਮਹੀਨੇ ਦੇ ਬੱਚੇ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਦਿੱਤਾ।

ਇੰਸਪੈਕਟਰ ਮੁਤਾਬਕ ਘਟਨਾ ਦੇ ਸਮੇਂ ਮਾਂ ਬੱਚੇ ਨੂੰ ਜ਼ਮੀਨ 'ਤੇ ਲਿਟਾ ਕੇ ਨੇੜੇ ਬੀ ਮਜ਼ਦੂਰੀ ਕਰ ਰਹੀ ਸੀ। ਇਸ ਦਰਮਿਆਨ ਕੁੱਤੇ ਬੱਚੇ ਨੂੰ ਘਸੀੜ ਕੇ ਲੈ ਗਏ। ਉਨ੍ਹਾਂ ਨੇ ਦੱਸਿਆ ਕਿ ਬਾਅਦ ਵਿਚ ਲੋਕਾਂ ਨੇ ਰੌਲਾ ਪਾਇਆ ਤਾਂ ਪਰਿਵਾਰ ਨੂੰ ਇਸ ਘਟਨਾ ਦਾ ਪਤਾ ਲੱਗਾ। ਬੱਚੇ ਦੀ ਲਾਸ਼ ਖਰਾਬ ਹਾਲਤ ਵਿਚ ਮਿਲੀ। ਕੁੱਤਿਆਂ ਨੇ ਬੱਚੇ ਦੇ ਸਰੀਰ ਤੋਂ ਉਸ ਦਾ ਇਕ ਹੱਥ ਵੀ ਵੱਖ ਕਰ ਦਿੱਤਾ ਸੀ।

## ਸ਼ਾਹਪੁਰਕੰਡੀ ਡੈਮ 'ਚ ਪਾਣੀ ਭਰਨ ਅਤੇ ਆਰਜ਼ੀ ਗੇਟ ਬੰਦ ਕਰਨ ਲਈ ਰਣਜੀਤ ਸਾਗਰ ਡੈਮ ਤੋਂ 31 ਦਿਨਾਂ ਲਈ ਪਾਣੀ ਦੀ ਪੂਰਨ ਬੰਦੀ ਰਹੇਗੀ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਜਲ ਸਰੋਤ ਵਿਭਾਗ ਨੇ ਸ਼ਾਹਪੁਰਕੰਡੀ ਡੈਮ ਵਿਖੇ ਜ਼ਰੂਰੀ ਕੰਮ ਕਰਨ ਅਤੇ ਜਲ ਭੰਡਾਰ ਵਿੱਚ ਪਾਣੀ ਭਰਨ ਲਈ ਰਣਜੀਤ ਸਾਗਰ ਡੈਮ ਤੋਂ 31 ਦਿਨਾਂ ਲਈ ਪਾਣੀ ਦੀ ਪੂਰਨ ਬੰਦੀ ਰੱਖਣ ਦਾ ਫ਼ੈਸਲਾ ਕੀਤਾ ਹੈ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੌਸਮ ਅਤੇ ਫ਼ਸਲਾਂ ਦੀ ਹਾਲਤ ਨੂੰ ਮੁੱਖ ਰੱਖਦਿਆਂ ਹੋਇਆਂ ਸ਼ਾਹਪੁਰਕੰਡੀ ਡੈਮ ਦੇ ਆਰਜ਼ੀ ਗੇਟ ਬੰਦ ਕਰਨ ਅਤੇ ਡੈਮ ਵਿੱਚ ਪਾਣੀ ਭਰਨ ਆਦਿ ਜਿਹੇ ਜ਼ਰੂਰੀ ਕੰਮਾਂ ਲਈ 15 ਜਨਵਰੀ 2024 ਤੋਂ 14 ਫ਼ਰਵਰੀ 2024 ਤੱਕ (ਦੋਵੇਂ ਦਿਨਾਂ ਸਮੇਤ) 31 ਦਿਨਾਂ ਵਾਸਤੇ ਰਣਜੀਤ ਸਾਗਰ ਡੈਮ ਤੋਂ ਪਾਣੀ ਦੀ ਪੂਰਨ ਬੰਦੀ ਹੋਵੇਗੀ।

ਇਹ ਹੁਕਮ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ, 1873 (ਐਕਟ 8 ਆਫ਼ 1873) ਅਧੀਨ ਜਾਰੀ ਰੂਲਾਂ ਦੇ ਰੂਲ 63 ਤਹਿਤ ਜਾਰੀ ਕੀਤੇ ਹਨ। ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

## ਲੋਕ ਸਭਾ ਚੋਣਾਂ ਲਈ ਭਾਜਪਾ ਜਨਵਰੀ ਦੇ ਅਖੀਰ 'ਚ ਉਮੀਦਵਾਰਾਂ ਦੀ ਪਹਿਲੀ ਸੂਚੀ ਨੂੰ ਦੇ ਸਕਦੀ ਹੈ ਮਨਜ਼ੂਰੀ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**



ਆਗਾਮੀ ਲੋਕ ਸਭਾ ਚੋਣ ਅਖਾੜਾ ਸਜਣ ਤੋਂ ਪਹਿਲਾਂ ਜਿੱਥੇ ਵਿਰੋਧੀ ਧਿਰਾਂ ਦੇ ਗਠਜੋੜ 'ਇੰਡੀਆ' ਨੇ ਸੀਟਾਂ ਦੀ ਵੰਡ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ, ਉੱਥੇ ਹੀ ਭਾਜਪਾ ਵੀ ਇਸ ਮਾਮਲੇ 'ਚ ਪਿੱਛੇ ਨਹੀਂ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਨੂੰ ਮਨਜ਼ੂਰੀ ਦੇਣ ਲਈ ਇਸ ਮਹੀਨੇ ਦੇ ਅੰਤ 'ਚ ਬੈਠਕ ਕਰ ਸਕਦੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਪੀ.ਐੱਮ.ਮੋਦੀ ਪਹਿਲਾਂ ਹੀ ਸੰਕੇਤ ਦੇ ਚੁੱਕੇ ਹਨ ਕਿ ਪਾਰਟੀ ਦਾ ਫੋਕਸ ਨੌਜਵਾਨਾਂ ਅਤੇ ਔਰਤਾਂ 'ਤੇ ਹੋਵੇਗਾ। ਇਸ ਲਈ ਕਿਹਾ ਜਾ ਰਿਹਾ ਹੈ ਕਿ ਪਾਰਟੀ ਅਜਿਹੇ ਸੰਸਦ ਮੈਂਬਰਾਂ ਨੂੰ ਪ੍ਰਦਰਸ਼ਨ ਦੇ ਆਧਾਰ 'ਤੇ ਹਟਾ ਸਕਦੀ ਹੈ, ਜਿਨ੍ਹਾਂ ਦੀ ਉਮਰ 70 ਸਾਲ ਤੋਂ ਵੱਧ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਫਰਵਰੀ ਮਹੀਨੇ ਹੋਣ ਵਾਲੀ ਭਾਜਪਾ ਦੀ ਕੌਮੀ ਪਰਿਸ਼ਦ ਦੀ ਬੈਠਕ 'ਚ ਚੋਣ ਮਾਸਟਰ ਪਲਾਨ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਇਸ ਚੋਣ 'ਚ ਪਾਰਟੀ ਲੀਡਰਸ਼ਿਪ ਮੌਜੂਦਾ ਸੰਸਦ ਮੈਂਬਰਾਂ ਦੀਆਂ ਟਿਕਟਾਂ ਕੱਟ ਸਕਦੀ ਹੈ ਅਤੇ ਪਾਰਟੀ ਲੋਕ ਸਭਾ ਚੋਣਾਂ 'ਚ ਵੀ ਵੱਧ ਤੋਂ ਵੱਧ ਸੀਟਾਂ 'ਤੇ ਚੋਣ ਲੜੇਗੀ। ਪਿਛਲੀਆਂ 2019 ਦੀਆਂ ਚੋਣਾਂ 'ਚ ਭਾਜਪਾ ਨੇ 436 ਸੀਟਾਂ 'ਤੇ ਚੋਣ ਲੜੀ ਸੀ ਅਤੇ 303 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਇਸ ਵਾਰ ਭਾਜਪਾ 400 ਪਾਰ ਦਾ ਨਾਅਰਾ ਦੇ ਰਹੀ ਹੈ। ਇਸ ਲਈ ਭਾਜਪਾ ਉਨ੍ਹਾਂ ਕੁਝ ਸੀਟਾਂ 'ਤੇ ਵੀ ਧਿਆਨ ਕੇਂਦਰਿਤ ਕਰੇਗੀ ਜਿੱਥੇ ਉਸ ਨੇ ਕਦੇ ਚੋਣ ਨਹੀਂ ਜਿੱਤੀ।

**70 ਸਾਲ ਤੋਂ ਵੱਧ ਉਮਰ ਦੇ ਹਨ ਭਾਜਪਾ ਦੇ 56 ਸੰਸਦ ਮੈਂਬਰ**

ਸੂਤਰਾਂ ਦੇ ਹਵਾਲੇ ਤੋਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਬਹੁਤ ਹੀ ਮਹੱਤਵਪੂਰਨ ਅਤੇ ਵੱਡੇ ਨੇਤਾਵਾਂ ਨੂੰ ਛੱਡ ਦਈਏ ਤਾਂ ਭਾਜਪਾ 70 ਸਾਲ ਤੋਂ ਵੱਧ ਉਮਰ ਦੇ ਉਮੀਦਵਾਰਾਂ ਨੂੰ ਚੋਣ ਟਿਕਟ ਨਹੀਂ ਦੇਵੇਗੀ। ਉਂਝ ਜੇਕਰ ਇਹ ਆਗੂ ਵੱਡੇ ਕੱਦ ਦੇ ਹੋਏ ਤਾਂ ਅਜਿਹਾ ਹੋਣ ਦੀ ਸੰਭਾਵਨਾ ਘੱਟ ਹੋਵੇਗੀ। ਭਾਜਪਾ ਦੇ 56 ਲੋਕ ਸਭਾ ਮੈਂਬਰ 70 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ। ਇਨ੍ਹਾਂ 'ਚ ਰਾਜਨਾਥ ਸਿੰਘ, ਗਿਰੀਰਾਜ ਸਿੰਘ, ਰਾਜਿੰਦਰ ਅਗਰਵਾਲ, ਰਵੀ ਸ਼ੰਕਰ ਪ੍ਰਸਾਦ, ਐੱਸ. ਐੱਲ. ਆਹਲੂਵਾਲੀਆ, ਪੀ.ਪੀ. ਚੌਧਰੀ, ਸੰਤੋਸ਼ ਗੰਗਵਾਰ, ਰਾਧਾ ਮੋਹਨ ਸਿੰਘ, ਜਗਦੰਬਿਕਾ ਪਾਲ, ਅਰਜੁਨ ਰਾਮ ਮੇਘਵਾਲ, ਸ਼੍ਰੀਪਦ ਨਾਇਕ, ਰਾਓ ਇੰਦਰਜੀਤ ਸਿੰਘ, ਵੀ. ਕੇ. ਸਿੰਘ ਵਰਗੇ ਆਗੂ ਸ਼ਾਮਲ ਹਨ।

**ਕੁੱਝ ਸੰਸਦ ਮੈਂਬਰਾਂ ਦੀਆਂ ਕੱਟੀਆਂ ਜਾ ਸਕਦੀਆਂ ਹਨ ਟਿਕਟਾਂ**

ਪੀ.ਐੱਮ. ਮੋਦੀ ਪਹਿਲਾਂ ਹੀ ਸੰਕੇਤ ਦੇ ਚੁੱਕੇ ਹਨ ਕਿ ਪਾਰਟੀ ਔਰਤਾਂ ਅਤੇ ਨੌਜਵਾਨਾਂ 'ਤੇ ਧਿਆਨ ਕੇਂਦਰਿਤ ਕਰੇਗੀ। ਅਜਿਹਾ ਕਰਨ ਲਈ ਪਾਰਟੀ 70 ਸਾਲ ਤੋਂ ਵੱਧ ਉਮਰ ਦੇ ਕਈ ਸੰਸਦ ਮੈਂਬਰਾਂ ਦੀ ਥਾਂ ਨਵੇਂ ਚਿਹਰਿਆਂ ਨੂੰ ਅੱਗੇ ਲਿਆ ਸਕਦੀ ਹੈ। ਸੂਤਰਾਂ ਦੇ ਹਵਾਲੇ ਨਾਲ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ 70 ਸਾਲ ਤੋਂ ਘੱਟ ਉਮਰ ਦੇ ਨੇਤਾਵਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਮਤਲਬ ਇਹ ਨਹੀਂ ਹੋਵੇਗਾ ਕਿ ਸਾਰੇ ਸੀਨੀਅਰ ਨੇਤਾਵਾਂ ਦੀਆਂ ਟਿਕਟਾਂ ਰੱਦ ਕਰ ਦਿੱਤੀਆਂ ਜਾਣਗੀਆਂ। ਉਮੀਦਵਾਰ ਦੀ ਚੋਣ ਲਈ ਉਮਰ ਹੀ ਮਾਪਦੰਡ ਨਹੀਂ ਹੋਵੇਗੀ। ਅਹਿਮ ਯੋਗਦਾਨ ਪਾਉਣ ਵਾਲੇ ਅਜਿਹੇ ਆਗੂਆਂ ਨੂੰ ਵੀ ਟਿਕਟਾਂ ਦਿੱਤੀਆਂ ਜਾਣਗੀਆਂ। ਪਾਰਟੀ ਨੂੰ ਲੋਕ ਸਭਾ 'ਚ ਵੀ ਤਜ਼ਰਬੇਕਾਰ ਆਗੂਆਂ ਦੀ ਲੋੜ ਪਵੇਗੀ।

**ਬੈਠਕ 'ਚ ਸ਼ਾਮਲ ਹੋਣਗੇ ਕਰੀਬ 7000 ਲੋਕ**

ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਏ ਭਾਜਪਾ ਕੌਮੀ ਪਰਿਸ਼ਦ ਦੇ ਨੇਤਾਵਾਂ ਦੀ ਛੇਤੀ ਹੀ ਦਿੱਲੀ 'ਚ ਬੈਠਕ ਹੋਵੇਗੀ। ਇਨ੍ਹਾਂ 'ਚ 7000 ਲੋਕਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ, ਜਿਸ 'ਚ ਜ਼ਿਲ੍ਹਾ ਪਰਿਸ਼ਦ ਪੱਧਰ ਦੇ ਆਗੂ ਵੀ ਸ਼ਾਮਲ ਹੋਣਗੇ। ਕੇਂਦਰੀ ਲੀਡਰਸ਼ਿਪ ਜਨਵਰੀ ਦੇ ਅਖੀਰ 'ਚ ਇਸ ਮੀਟਿੰਗ ਲਈ ਸੱਦੇ ਭੇਜਣੇ ਸ਼ੁਰੂ ਕਰ ਦੇਵੇਗੀ। ਇਸ ਬੈਠਕ 'ਚ ਪੀ. ਐੱਮ. ਮੋਦੀ ਦੀਆਂ ਪਿਛਲੇ 10 ਸਾਲਾਂ ਦੀਆਂ ਪ੍ਰਾਪਤੀਆਂ ਗਿਣਾਈਆਂ ਜਾਣਗੀਆਂ। ਇਸ ਦੇ ਨਾਲ ਹੀ ਪਾਰਟੀ ਆਗੂਆਂ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣ ਸਬੰਧੀ ਦਿਸ਼ਾ-ਨਿਰਦੇਸ਼ ਵੀ ਦਿੱਤੇ ਜਾਣਗੇ। 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਭਾਜਪਾ ਨੇ ਸਥਾਨਕ ਚੋਣਾਂ ਤੋਂ ਲੈ ਕੇ ਸੰਸਦੀ ਚੋਣਾਂ ਤੱਕ ਚੁਣੇ ਗਏ ਸਾਰੇ ਮੈਂਬਰਾਂ ਨੂੰ ਇਸੇ ਤਰ੍ਹਾਂ ਦੀ ਮੀਟਿੰਗ ਵਿਚ ਬੁਲਾਇਆ ਸੀ।

## ਸਰਪੰਚਾਂ ਤੋਂ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਵੱਲੋਂ ਗ੍ਰਿ਼ਫਤਾਰ ਬੀ.ਡੀ.ਪੀ.ਓ ਤੁਰੰਤ ਪ੍ਰਭਾਵ ਨਾਲ ਮੁਅੱਤਲ

### ਭ੍ਰਿਸ਼ਟਾਚਾਰ ਬਿਲਕੁਲ ਵੀ ਬਰਦਾਸ਼ਤ ਨਹੀਂ: ਲਾਲਜੀਤ ਸਿੰਘ ਭੁੱਲਰ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**



ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿਭਾਗ ਨੇ ਮਮਦੋਟ ਦੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ (ਬੀ.ਡੀ.ਪੀ.ਓ) ਸਰਬਜੀਤ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਸਰਬਜੀਤ ਸਿੰਘ ਨੂੰ ਕੱਲ੍ਹ ਸਰਪੰਚਾਂ ਤੋਂ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਗ੍ਰਿ਼ਫਤਾਰ ਕੀਤਾ ਗਿਆ ਸੀ।

ਮੁਅੱਤਲੀ ਦੇ ਸਮੇਂ ਦੌਰਾਨ ਅਧਿਕਾਰੀ ਦਾ ਹੈੱਡਕੁਆਰਟਰ ਦਫ਼ਤਰ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਫ਼ਿਰੋਜ਼ਪੁਰ ਹੋਵੇਗਾ।

ਇਸੇ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਲੋਕਾਂ ਨੂੰ ਸਾਫ਼-ਸੁਥਰਾ ਅਤੇ ਭ੍ਰਿਸ਼ਟਾਚਾਰ-ਮੁਕਤ ਪ੍ਰਸ਼ਾਸਨ ਦੇਣ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਭ੍ਰਿਸ਼ਟਾਚਾਰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਵਿਚ ਗ਼ਲਤਾਨ ਅਧਿਕਾਰੀਆਂ ਵਿਰੁੱਧ ਕਾਰਵਾਈ ਫ਼ੈਸਲਾਕੁਨ ਨਤੀਜੇ ਤੱਕ ਪਹੁੰਚਾਈ ਜਾਵੇਗੀ।

## ਸੰਪਾਦਕੀ

# ਸ਼ਿਵ ਸੈਨਾ ਦੀ ਧੜੇਬੰਦੀ

ਭਾਰਤੀ ਚੋਣ ਕਮਿਸ਼ਨ ਵੱਲੋਂ ਪਾਰਟੀ ਵਜੋਂ 'ਸ਼ਿਵ ਸੈਨਾ' ਦਾ ਨਾਂ ਅਤੇ ਚੋਣ ਨਿਸ਼ਾਨ (ਤੀਰ ਕਮਾਨ) ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੇ ਧੜੇ ਨੂੰ ਦਿੱਤੇ ਜਾਣ ਤੋਂ ਕਰੀਬ ਸਾਲ ਬਾਅਦ ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ ਰਾਹੁਲ ਨਾਰਵੇਕਰ ਨੇ ਫ਼ੈਸਲਾ ਸੁਣਾਇਆ ਹੈ ਕਿ ਸ਼ਿਵ ਸੈਨਾ ਦਾ ਇਹੋ ਧੜਾ 'ਅਸਲੀ ਸ਼ਿਵ ਸੈਨਾ' ਹੈ, ਨਾ ਕਿ ਸੂਬੇ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਦੀ ਅਗਵਾਈ ਵਾਲਾ ਦੂਜਾ ਧੜਾ। ਸਪੀਕਰ ਨੇ ਇਹ ਫ਼ੈਸਲਾ ਸ਼ਿਵ ਸੈਨਾ ਦੇ ਦੋਵਾਂ ਧੜਿਆਂ ਵੱਲੋਂ ਪਾਰਟੀ ਵਿਚ ਫੁੱਟ ਪੈਣ ਤੋਂ ਬਾਅਦ ਦਾਇਰ ਇਕ-ਦੂਜੇ ਦੇ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕਰਦੀਆਂ ਪਟੀਸ਼ਨਾਂ ਉੱਤੇ ਗ਼ੌਰ ਕਰਨ ਤੋਂ ਬਾਅਦ ਸੁਣਾਇਆ ਹੈ। ਸ਼ਿੰਦੇ ਵੱਲੋਂ ਜੂਨ 2022 ਵਿਚ ਕੀਤੇ ਗਏ ਤਖ਼ਤ-ਪਲਟੇ ਕਾਰਨ ਪਾਰਟੀ ਦੋ ਧੜਿਆਂ ਵਿਚ ਵੰਡੀ ਗਈ ਸੀ। ਉਦੋਂ ਸ਼ਿਵ ਸੈਨਾ ਦੇ ਬਹੁਗਿਣਤੀ ਵਿਧਾਇਕਾਂ ਵੱਲੋਂ ਸ਼ਿੰਦੇ ਦੀ ਹਮਾਇਤ ਉੱਤੇ ਆਉਣ ਕਾਰਨ ਮੌਕੇ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਸਦਨ ਵਿਚ ਭਰੋਸੇ ਦੇ ਵੋਟ ਦਾ ਸਾਹਮਣਾ ਕਰਨ ਦੀ ਥਾਂ ਅਸਤੀਫ਼ਾ ਦੇਣ ਨੂੰ ਤਰਜੀਹ ਦਿੱਤੀ ਸੀ। ਇਸ ਨਾਲ ਸ਼ਿਵ ਸੈਨਾ ਦੀ ਅਗਵਾਈ ਵਾਲੀ ਮਹਾਵਿਕਾਸ ਅਗਾੜੀ ਸਰਕਾਰ ਦਾ ਖ਼ਾਤਮਾ ਹੋ ਗਿਆ ਸੀ ਜਿਸ ਨੂੰ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨਸੀਪੀ) ਅਤੇ ਕਾਂਗਰਸ ਦੀ ਹਮਾਇਤ ਹਾਸਿਲ ਸੀ। ਮਹਾਵਿਕਾਸ ਅਗਾੜੀ ਦਾ ਬਣਨਾ ਮਹਾਰਾਸ਼ਟਰ ਦੇ ਇਤਿਹਾਸ ਵਿਚ ਨਵੀਂ ਸ਼ੁਰੂਆਤ ਵਜੋਂ ਦੇਖਿਆ ਗਿਆ ਸੀ ਕਿਉਂਕਿ ਇਸ ਵਿਚ ਦੋ ਵੱਖ ਵੱਖ ਵਿਚਾਰਧਾਰਾਵਾਂ ਵਾਲੀਆਂ ਪਾਰਟੀਆਂ ਕਾਂਗਰਸ ਤੇ ਸ਼ਿਵ ਸੈਨਾ ਪਹਿਲੀ ਵਾਰ ਇਕ ਦੂਜੇ ਦੀਆਂ ਸਹਿਯੋਗੀ ਬਣੀਆਂ ਸਨ।

ਸਪੀਕਰ ਦੇ ਫ਼ੈਸਲੇ ਨੇ ਚੋਣਾਂ ਵਾਲੇ ਵਰ੍ਹੇ ਦੌਰਾਨ ਸ਼ਿੰਦੇ ਦਾ ਹੱਥ ਮਜ਼ਬੂਤ ਕਰ ਦਿੱਤਾ ਹੈ ਕਿਉਂਕਿ ਸਾਲ 2024 ਦੌਰਾਨ ਲੋਕ ਸਭਾ ਚੋਣਾਂ ਤੋਂ ਇਲਾਵਾ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਵੀ ਹੋਣਗੀਆਂ। ਇਸ ਫ਼ੈਸਲੇ ਨੇ ਪਹਿਲਾਂ ਹੀ ਸੰਕਟ ਵਿਚ ਘਿਰੇ ਊਧਵ ਠਾਕਰੇ ਤੇ ਉਨ੍ਹਾਂ ਦੀ ਅਗਵਾਈ ਵਾਲੇ ਧੜੇ ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ ਜਾਂ ਯੂਬੀਟੀ) ਨੂੰ ਜ਼ੋਰਦਾਰ ਝਟਕਾ ਦਿੱਤਾ ਹੈ ਜੋ ਪਹਿਲਾਂ ਹੀ ਆਪਣੇ ਧੜੇ ਨੂੰ ਚੋਣਾਂ ਦੇ ਮੱਦੇਨਜ਼ਰ ਮਜ਼ਬੂਤ ਕਰਨ ਦੇ ਔਖੇ ਕਾਰਜ ਵਿਚ ਜੁਟੇ ਹੋਏ ਹਨ। ਇਸ ਝਟਕੇ ਦਾ ਅਸਰ ਉਨ੍ਹਾਂ ਦੀ ਪਾਰਟੀ ਦੀ ਸਥਿਤੀ ਉੱਤੇ 'ਇੰਡੀਆ' ਗੱਠਜੋੜ ਤਹਿਤ ਕਾਂਗਰਸ ਅਤੇ ਐੱਨਸੀਪੀ ਦੇ ਸ਼ਰਦ ਪਵਾਰ ਦੀ ਅਗਵਾਈ ਵਾਲੇ ਧੜੇ ਨਾਲ ਸੀਟਾਂ ਦੀ ਕੀਤੀ ਜਾਣ ਵਾਲੀ ਵੰਡ 'ਤੇ ਵੀ ਪਵੇਗਾ।

ਮਹਾਰਾਸ਼ਟਰ ਵਿਚ ਲੋਕ ਸਭਾ ਦੇ 48 ਹਲਕੇ ਹਨ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਸੂਬਾ ਸਿਆਸੀ ਪੱਖ ਤੋਂ ਕਾਫ਼ੀ ਮਹੱਤਵਪੂਰਨ ਹੈ। ਉੱਤਰ ਪ੍ਰਦੇਸ਼ ਤੋਂ ਬਾਅਦ ਲੋਕ ਸਭਾ ਦੀਆਂ ਸਭ ਤੋਂ ਜ਼ਿਆਦਾ ਸੀਟਾਂ ਮਹਾਰਾਸ਼ਟਰ ਵਿਚ ਹਨ। ਹਾਲ ਦੀ ਘੜੀ ਬਾਲਾ ਸਾਹਿਬ ਠਾਕਰੇ ਦੀ ਵਿਰਾਸਤ ਲਈ ਹੋ ਰਹੀ ਲੜਾਈ ਵਿਚ ਸ਼ਿੰਦੇ ਧੜੇ ਦਾ ਹੱਥ ਉੱਚਾ ਹੈ ਜਿਸ ਨੂੰ ਭਾਜਪਾ ਅਤੇ ਐੱਨਸੀਪੀ (ਅਜੀਤ ਪਵਾਰ ਗਰੁੱਪ) ਦੀ ਹਮਾਇਤ ਹਾਸਿਲ ਹੈ। ਹਾਲਾਂਕਿ ਇਨ੍ਹਾਂ ਨਾਖੁਸ਼ਗਵਾਰ ਘਟਨਾਵਾਂ ਨੇ ਨਾ ਸਿਰਫ਼ ਚੋਣ ਫ਼ਤਵੇ ਦੀ ਹੇਠੀ ਕੀਤੀ ਹੈ ਸਗੋਂ ਨਾਲ ਹੀ ਦਲ-ਬਦਲ ਰੋਕੂ ਕਾਨੂੰਨ ਦੀ ਪ੍ਰਭਾਵਸ਼ੀਲਤਾ ਉੱਤੇ ਵੀ ਸਵਾਲ ਖੜ੍ਹੇ ਕੀਤੇ ਹਨ। ਵਿਧਾਇਕਾਂ ਨੂੰ ਆਸਾਨੀ ਨਾਲ ਪਾਲੇ ਬਦਲਣ ਅਤੇ ਫਿਰ ਵੀ ਅਯੋਗ ਕਰਾਰ ਦਿੱਤੇ ਜਾਣ ਤੋਂ ਬਚੇ ਰਹਿਣ ਦੀ ਜਿਹੜੀ ਚਿੰਤਾਜਨਕ ਸੌਖ ਮਿਲ ਗਈ ਹੈ, ਉਸ ਤੋਂ ਜ਼ਾਹਿਰ ਹੈ ਕਿ ਇਸ ਕਾਨੂੰਨ ਵਿਚ ਵਿਆਪਕ ਸੁਧਾਰ ਦੀ ਲੋੜ ਹੈ। ਕਾਨੂੰਨ ਵਿਚਲੀਆਂ ਅਜਿਹੀਆਂ ਚੋਰ ਮੋਰੀਆਂ ਜਿਨ੍ਹਾਂ ਦਾ ਮੌਕਾਪ੍ਰਸਤ ਸਿਆਸਤਦਾਨਾਂ ਵੱਲੋਂ ਖੁੱਲ੍ਹੇਆਮ ਫ਼ਾਇਦਾ ਉਠਾਇਆ ਜਾਂਦਾ ਹੈ, ਬੰਦ ਕੀਤੇ ਜਾਣ ਦੀ ਲੋੜ ਹੈ। ਸਿਆਸੀ ਮਾਹਿਰਾਂ ਅਨੁਸਾਰ ਇਸ ਸਵਾਲ ਦਾ ਫ਼ੈਸਲਾ ਚੋਣਾਂ ਵਿਚ ਹੋਵੇਗਾ ਕਿ ਸ਼ਿਵ ਸੈਨਾ ਦਾ ਕਿਹੜਾ ਧੜਾ ਬਾਲਾ ਸਾਹਿਬ ਠਾਕਰੇ ਦਾ ਅਸਲੀ ਵਾਰਿਸ ਹੈ।

# ਅਣਜੰਮੀਆਂ ਧੀਆਂ ਦਾ ਕਤਲ

ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੇ 42 ਪਿੰਡਾਂ ਵਿਚ ਜਿੱਥੇ 2022 ਦੌਰਾਨ ਜਨਮ ਸਮੇਂ ਲਿੰਗ ਅਨੁਪਾਤ (ਭਾਵ 1000 ਮੁੰਡਿਆਂ ਪਿੱਛੇ ਕੁੜੀਆਂ ਦੀ ਗਿਣਤੀ) 800 ਤੋਂ ਹੇਠਾਂ ਦਰਜ ਕੀਤਾ ਗਿਆ ਸੀ, ਉੱਥੇ 2023 ਦੌਰਾਨ ਇਹ ਚਿੰਤਾਜਨਕ ਅੰਕੜਾ ਫੈਲਦਾ ਹੋਇਆ 54 ਪਿੰਡਾਂ ਤੱਕ ਪੁੱਜ ਗਿਆ ਹੈ। ਗ਼ੌਰਤਲਬ ਹੈ ਕਿ ਰੋਹਤਕ ਲਿੰਗ ਅਨੁਪਾਤ ਪੱਖੋਂ ਨਾਂਹ-ਪੱਖੀ ਰੁਝਾਨ ਦਿਖਾਉਣ ਵਾਲੇ ਹਰਿਆਣਾ ਦੇ ਕੁੱਲ 12 ਜ਼ਿਲ੍ਹਿਆਂ ਵਿਚੋਂ ਇਕ ਜ਼ਿਲ੍ਹਾ ਹੈ। ਇਸ ਦੇ ਸਿੱਟੇ ਵਜੋਂ ਸੂਬਾ ਲਿੰਗ ਅਨੁਪਾਤ ਪੱਖੋਂ 2022 ਦੇ 917 ਦੇ ਮੁਕਾਬਲੇ ਜੂਨ 2023 ਵਿਚ 906 ਤੱਕ ਖਿਸਕ ਗਿਆ ਹੈ। ਇਹ ਅੰਕੜੇ ਹਰਿਆਣਾ ਦੇ ਮੋਹਰੀ 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਵੱਲੋਂ ਵਧੀਆ ਸਿੱਟੇ ਦੇਣ ਦੇ ਕੀਤੇ ਜਾ ਰਹੇ ਵੱਡੇ ਵੱਡੇ ਦਾਅਵਿਆਂ ਦੀ ਫੂਕ ਕੱਢਣ ਵਾਲੇ ਹਨ। ਕੁਰੂਕਸ਼ੇਤਰ ਵਿਚ ਵੀ 2022 'ਚ ਜਨਮ ਸਮੇਂ ਲਿੰਗ ਅਨੁਪਾਤ ਵਿਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਸੀ ਜਦੋਂ ਜ਼ਿਲ੍ਹੇ ਦੇ 20 ਪਿੰਡਾਂ ਵਿਚ ਇਹ ਦਰ 400 ਤੋਂ ਹੇਠਾਂ ਪਾਈ ਗਈ ਸੀ ਜਿਸ ਕਾਰਨ ਜ਼ਿਲ੍ਹੇ ਦਾ ਕੁੱਲ ਲਿੰਗ ਅਨੁਪਾਤ 28 ਅੰਕ ਡਿੱਗ ਕੇ 2021 ਦੇ 921 ਤੋਂ 2022 ਵਿਚ 893 ਉੱਤੇ ਆ ਗਿਆ ਸੀ।

ਇਹ ਰੁਝਾਨ ਸਮਾਜ ਵਿਚ ਲਗਾਤਾਰ ਮੁੰਡਿਆਂ ਨੂੰ ਤਰਜੀਹ ਦਿੱਤੇ ਜਾਣ ਦਾ ਅਫ਼ਸੋਸਨਾਕ ਪ੍ਰਗਟਾਵਾ ਹੈ ਜੋ ਨਾਲ ਹੀ ਸਮਾਜ ਅਤੇ ਭਵਿੱਖੀ ਪੀੜ੍ਹੀਆਂ ਉੱਤੇ ਲਿੰਗ ਅਨੁਪਾਤ ਵਿਚ ਗੜਬੜ ਦੇ ਪੈਣ ਵਾਲੇ ਮਾੜੇ ਪ੍ਰਭਾਵਾਂ ਪ੍ਰਤੀ ਨਜ਼ਰਅੰਦਾਜ਼ਗੀ ਵਾਲੇ ਰਵੱਈਏ ਨੂੰ ਵੀ ਜ਼ਾਹਰ ਕਰਦਾ ਹੈ। ਨੌਜਵਾਨ ਮਾਪੇ ਜ਼ਾਹਰਾ ਤੌਰ 'ਤੇ ਜਨਮ ਤੋਂ ਪਹਿਲਾਂ ਬੱਚੇ ਦਾ ਲਿੰਗ ਦੱਸਣ ਵਾਲੇ ਟੈਸਟ ਕਰਾਉਣ ਲਈ ਹਰਿਆਣਾ ਅਤੇ ਨਾਲ ਲੱਗਦੇ ਸੂਬਿਆਂ ਪੰਜਾਬ ਤੇ ਯੂਪੀ ਤੱਕ ਵਿਚ ਭਾਰੀ ਜੱਦੋਜਹਿਦ ਕਰਦੇ ਹੋਣਗੇ ਕਿਉਂਕਿ ਅਜਿਹਾ ਕਰਨ ਉੱਤੇ ਕਾਨੂੰਨ ਵੱਲੋਂ ਫੜੇ ਜਾਣ ਦਾ ਖ਼ਤਰਾ ਰਹਿੰਦਾ ਹੈ। ਇਸ ਖ਼ਬਤ ਦਾ ਹੀ ਸਿੱਟਾ ਹੈ ਕਿ ਅਣਚਾਹੇ ਮਾਦਾ ਭਰੂਣ ਦਾ ਪਤਾ ਲਾਉਣ ਅਤੇ ਫਿਰ ਗਰਭਪਾਤ ਕਰਨ ਵਾਲੇ ਰੈਕੇਟ ਵਿਚ ਸ਼ਾਮਲ ਦਲਾਲਾਂ, ਨਰਸਾਂ, ਡਾਕਟਰਾਂ ਅਤੇ ਮੈਡੀਕਲ ਸੈਂਟਰਾਂ ਦੇ ਗਰੋਹ ਲਗਾਤਾਰ ਵਧ-ਫੁੱਲ ਰਹੇ ਹਨ। ਇਹ ਵਰਤਾਰਾ ਕਈ ਵਿਰੋਧਾਭਾਸ ਸਮੇਟੀ ਬੈਠਾ ਹੈ ਕਿਉਂਕਿ ਇਹ ਸਮਝਿਆ ਜਾਂਦਾ ਸੀ ਕਿ ਵਿੱਦਿਆ ਦੇ ਪਸਾਰ ਨਾਲ ਧੀਆਂ ਪ੍ਰਤੀ ਵਿਤਕਰਾ ਘਟੇਗਾ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਮਾਜ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਿਅਕਤੀ ਜਿਨ੍ਹਾਂ ਵਿਚ ਡਾਕਟਰ, ਨਰਸਾਂ, ਪੈਰਾ ਮੈਡੀਕਲ ਕਾਮੇ ਆਦਿ ਸ਼ਾਮਿਲ ਹਨ, ਇਸ ਵਰਤਾਰੇ ਨੂੰ ਆਧੁਨਿਕ ਤਕਨੀਕਾਂ ਰਾਹੀਂ ਚੱਲਦਾ ਰੱਖ ਰਹੇ ਹਨ। ਇਸ ਦੇ ਨਾਲ ਨਾਲ ਸਮਾਜ ਵਿਚ ਫੈਲੀ ਮਰਦ ਪ੍ਰਧਾਨ ਸੋਚ ਨੇ ਲੋਕਾਂ ਦੀ ਸਮੂਹਿਕ ਸੂਝ ਨੂੰ ਏਦਾਂ ਜਕੜਿਆ ਹੋਇਆ ਹੈ ਕਿ ਧੀਆਂ ਨਾਲ ਵਿਤਕਰਾ ਘਟ ਨਹੀਂ ਰਿਹਾ। ਦੁਖਾਂਤ ਇਹ ਹੈ ਕਿ ਔਰਤਾਂ ਵੀ ਮਰਦ ਪ੍ਰਧਾਨ ਸੋਚ ਨੂੰ ਆਤਮ-ਸਾਤ ਕਰ ਕੇ ਇਸ ਵਰਤਾਰੇ ਵਿਚ ਸ਼ਾਮਿਲ ਹੋ ਜਾਂਦੀਆਂ ਹਨ।

ਇਹ ਸਿੱਟਾ ਕੱਢਣਾ ਗ਼ਲਤ ਨਹੀਂ ਹੋਵੇਗਾ ਕਿ ਇਸ ਕੁਪ੍ਰਥਾ ਦੇ ਵਧਦੇ ਰਹਿਣ ਦਾ ਮੂਲ ਕਾਰਨ ਅਧਿਕਾਰੀਆਂ ਵੱਲੋਂ ਗੁਨਾਹਗਾਰਾਂ ਨੂੰ ਯਕੀਨੀ ਤੇ ਫ਼ੁਰਤੀ ਨਾਲ ਸਜ਼ਾਵਾਂ ਦੇਣ ਵਿਚ ਨਾਕਾਮ ਰਹਿਣਾ ਹੀ ਹੈ। ਇਸ ਮਾਮਲੇ ਵਿਚ ਸੂਬਾ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ ਕਿ ਕਿਉਂ ਸਿਹਤ ਅਧਿਕਾਰੀਆਂ ਵੱਲੋਂ ਸ਼ੱਕੀਆਂ ਉੱਤੇ ਛਾਪਿਆਂ ਅਤੇ ਨਾਲ ਹੀ ਗਰਭਵਤੀ ਔਰਤਾਂ ਦੀ ਨਿਗਰਾਨੀ ਰੱਖੇ ਜਾਣ ਦੇ ਬਾਵਜੂਦ ਅਣਜੰਮੀਆਂ ਧੀਆਂ ਨੂੰ ਐਨ ਉਨ੍ਹਾਂ ਦੇ ਨੱਕ ਹੇਠਾਂ ਕਤਲ ਕੀਤਾ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਸਖ਼ਤ ਪ੍ਰੀ-ਕੰਸੈਪਸ਼ਨ ਐਂਡ ਪ੍ਰੀ-ਨਟਾਲ ਡਾਇਗਨੌਸਟਿਕ ਟੈਕਨੀਕਸ ਐਕਟ ਦਾ ਮਜ਼ਾਕ ਬਣਾਇਆ ਜਾ ਰਿਹਾ ਹੈ। ਹੁਣ ਦੇਖਣ ਵਾਲੀ ਗੱਲ ਇਹੋ ਹੋਵੇਗੀ ਕਿ ਕੀ ਰੋਹਤਕ ਪ੍ਰਸ਼ਾਸਨ ਵੱਲੋਂ ਗੁਨਾਹਗਾਰਾਂ ਦੀ ਸੂਹ ਦੇਣ ਵਾਲੇ ਨੂੰ ਇਕ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਫਲਦਾਈ ਹੋਵੇਗਾ ਜਾਂ ਨਹੀਂ। ਪ੍ਰਸ਼ਾਸਨਿਕ ਕਦਮ ਚੁੱਕਣ ਦੇ ਨਾਲ ਨਾਲ ਇਹ ਵੀ ਜ਼ਰੂਰੀ ਹੈ ਕਿ ਸਮਾਜ ਦੀ ਮਰਦ ਪ੍ਰਧਾਨ ਸੋਚ ਵਿਰੁੱਧ ਲਗਾਤਾਰ ਸੰਘਰਸ਼ ਕੀਤਾ ਜਾਵੇ। ਔਰਤਾਂ ਦੀ ਬਰਾਬਰੀ ਲਈ ਇਹ ਸਮਾਜਿਕ ਸੰਘਰਸ਼ ਔਰਤਾਂ ਤੇ ਮਰਦਾਂ ਦੋਵਾਂ ਨੇ ਮਿਲ ਕੇ ਕਰਨਾ ਹੈ। ਧੀਆਂ ਨੂੰ ਗਰਭ ਵਿਚ ਹੀ ਕਤਲ ਕਰਨ ਦਾ ਨਾਕਾਰਾਤਮਕ ਵਰਤਾਰਾ ਸਮਾਜਿਕ ਪਤਨ ਦੀ ਨਿਸ਼ਾਨੀ ਹੈ ਅਤੇ ਇਸ ਨੂੰ ਬੰਦ ਕਰਵਾਉਣਾ ਸਰਕਾਰ ਤੇ ਸਮਾਜ ਦੀ ਸਮੂਹਿਕ ਜ਼ਿੰਮੇਵਾਰੀ ਹੈ।

# ਲੋਕ ਸ਼ਕਤੀ ਦੀ ਜਿੱਤ ਦਾ ਪ੍ਰਤੀਕ ਸ੍ਰੀ ਮੁਕਤਸਰ ਸਾਹਿਬ


ਡਾ. ਰਣਜੀਤ ਸਿੰਘ

**ਗੁਰੂ ਨਾਨਕ ਦੇਵ ਜੀ ਨੇ ਜਬਰ ਜ਼ੁਲਮ ਵਿਰੁੱਧ ਆਪਣੇ ਆਪ ਨੂੰ ਨਿਮਾਣੇ ਸਮਝ ਸਭ ਧੱਕੇਸ਼ਾਹੀਆਂ ਸਹਿਣ ਕਰ ਰਹੇ ਲੋਕਾਂ 'ਚ ਹੱਕ-ਸੱਚ ਦੀ ਰਾਖੀ ਅਤੇ ਸਵੈਮਾਣ ਲਈ ਸੰਘਰਸ਼ ਦੀ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ ਉਸ ਦੀ ਸੰਪੂਰਨਤਾ ਖਿਦਰਾਣੇ ਦੀ ਢਾਬ ਜਿਸ ਨੂੰ ਹੁਣ ਮੁਕਤਸਰ ਸਾਹਿਬ ਆਖਿਆ ਜਾਂਦਾ ਹੈ ਵਿਖੇ ਹੋਈ...**

ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਣਾ ਕੀਤੀ। ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਇਕ ਅਜਿਹੇ ਸਿੱਖ ਦੀ ਮੰਗ ਕੀਤੀ ਜਿਹੜਾ ਆਪਣਾ ਸੀਸ ਗੁਰੂ ਜੀ ਨੂੰ ਭੇਟ ਕਰ ਸਕੇ। ਇੰਝ ਉਨ੍ਹਾਂ ਨੇ ਪੰਜ ਮਰਜੀਵੜਿਆਂ ਦੀ ਚੋਣ ਕੀਤੀ। ਜਿਨ੍ਹਾਂ ਨੂੰ ਅੰਮ੍ਰਿਤ ਛਕਾ ਪੰਜ ਪਿਆਰਿਆਂ ਦਾ ਰੂਪ ਦਿੱਤਾ। ਇਹ ਪੰਜ ਪਿਆਰੇ ਸਾਰੇ ਦੇਸ਼ ਅਤੇ ਸਾਰੀਆਂ ਜਾਤਾਂ ਦੀ ਪ੍ਰਤੀਨਿੱਧਤਾ ਕਰਦੇ ਸਨ। ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਮਾਣ ਬਖਸ਼ਦੇ ਹੋਇਆਂ ਇਨ੍ਹਾਂ ਤੋਂ ਆਪ ਅੰਮ੍ਰਿਤ ਲਈ ਬੇਨਤੀ ਕੀਤੀ। ਇੰਝ ਇਨ੍ਹਾਂ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ ਗੁਰੂ ਚੇਲੇ ਵਿਚਲੇ ਫ਼ਰਕ ਨੂੰ ਮੇਟ ਦਿੱਤਾ। ਸਿੱਖਾਂ ਨੂੰ ਇੰਨਾ ਵੱਡਾ ਮਾਣ ਪ੍ਰਾਪਤ ਹੋਇਆ ਤੇ ਉਹ ਆਪਣੇ ਗੁਰੂ ਲਈ ਆਪਣਾ ਸਭੋ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਏ। ਗੁਰੂ ਜੀ ਨੇ ਤਲਵਾਰ ਦੇ ਇਕੋ ਝੱਟਕੇ ਨਾਲ ਮੁੱਢ ਕਦੀਮ ਤੋਂ ਜਾਤ, ਰੰਗ, ਅਮੀਰੀ ਆਦਿ ਦੇ ਆਧਾਰ ਉੱਤੇ ਪਾਈਆਂ ਵੰਡੀਆਂ ਨੂੰ ਤੋੜ ਸਾਰੇ ਲੋਕਾਂ ਨੂੰ ਬਰਾਬਰੀ ਬਖਸ਼ੀ, ਇੰਝ ਉਨ੍ਹਾਂ ਇਕ ਸੰਪੂਰਨ ਇਨਸਾਨ ਦੀ ਸਿਰਜਣਾ ਕੀਤੀ।

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜਾਂ ਨੇ 1701 ਤੋਂ 1704 ਦੇ ਵਿਚਕਾਰ ਅਨੰਦਪੁਰ ਸਾਹਿਬ ਉੱਤੇ ਪੰਜ ਵੇਰ ਹਮਲਾ ਕੀਤਾ। ਚਾਰ ਲੜਾਈਆਂ ਵਿਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵੇਰ ਭਾਰੀ ਫ਼ੌਜ ਨਾਲ ਸ਼ਾਹੀ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚੱਲਦਾ ਰਿਹਾ। ਸ਼ਾਹੀ ਫ਼ੌਜ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਲੜਾਈ ਬੰਦ ਕਰ ਕੇ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ। ਆਪਣੇ ਸਿੰਘਾਂ ਦਾ ਫ਼ੈਸਲਾ ਮੰਨਦੇ ਹੋਏ ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ ਉੱਤੇ ਹਮਲਾ ਬੋਲ ਦਿੱਤਾ। ਗੁਰੂ ਜੀ ਉਦੋਂ ਅੰਮ੍ਰਿਤ ਵੇਲੇ ਨਿਤਨੇਮ ਕਰ ਰਹੇ ਸਨ। ਅੱਗੇ ਸਿਰਸਾ ਨਦੀ ਸੀ ਜਿਸ ਵਿਚ ਹੜ੍ਹ ਆਇਆ ਹੋਇਆ ਸੀ। ਵੈਰੀ ਨੂੰ ਰੋਕ ਕੇ ਰੱਖਣ ਲਈ ਸਿੰਘਾਂ ਦੇ ਛੋਟੇ ਜੱਥੇ ਬਣਾਏ ਗਏ ਤਾਂ ਜੋ ਗੁਰੂ ਜੀ ਨਿਤਨੇਮ ਪੂਰਾ ਕਰ ਲੈਣ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਸਾਰਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ ਉੱਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇਥੋਂ ਚੱਲ ਕੇ ਗੁਰੂ ਜੀ ਚਮਕੌਰ ਪਹੁੰਚੇ। ਹੁਣ ਉਨ੍ਹਾਂ ਨਾਲ ਕੇਵਲ 40 ਸਿੰਘ ਹੀ ਰਹਿ ਗਏ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਢ ਪੈ ਰਹੀ ਸੀ। ਇਥੇ ਗੁਰੂ ਜੀ ਨੇ ਇਕ ਵੱਡੀ ਹਵੇਲੀ ਵਿਚ ਟਿਕਾਣਾ ਕੀਤਾ ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜੱਥੇ ਬਣਾਏ ਗਏ ਜਿਨ੍ਹਾਂ ਗੜ੍ਹੀ ਵਿੱਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਇਆਂ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜੱਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਸਿੰਘਾਂ ਦਾ ਜੱਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੀਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।



ਸੰਸਾਰ ਵਿਚ ਕੋਈ ਵੀ ਗੁਰੂ, ਰਹਿਬਰ, ਬਾਦਸ਼ਾਹ ਅਜਿਹਾ ਨਹੀਂ ਹੋਇਆ ਜਿਸ ਨੇ ਮਜ਼ਲੂਮਾਂ ਦੀ ਰਾਖੀ ਖ਼ਾਤਰ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇ। ਰਾਤ ਨੂੰ ਖ਼ਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਗਏ। ਬਾਕੀ ਸਿੰਘਾਂ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਰਾਹ ਦੇ ਦੁੱਖਾਂ ਤਕਲੀਫਾਂ ਨੂੰ ਝੱਲਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਹੁਣ ਮੁਕਤਸਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਪੁੱਜੇ, ਉਦੋਂ ਤੀਕ ਵਿਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਨਾਲ ਹੋ ਗਈ। ਜ਼ਾਲਮ ਫ਼ੌਜ ਵੀ ਪਿੱਛਾ ਕਰਦੀ ਇੱਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫ਼ੌਜਾਂ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ।

ਇਸੇ ਯੁੱਧ ਵਿਚ ਉਨ੍ਹਾਂ ਚਾਲੀ ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ। ਘਰੋਂ ਔਰਤਾਂ ਤੋਂ ਪਈ ਫਿਟਕਾਰ ਨੇ ਉਨ੍ਹਾਂ ਦੀ ਜ਼ਮੀਰ ਨੂੰ ਝੰਜੋੜਿਆ ਤੇ ਉਹ ਗੁਰੂ ਜੀ ਲਈ ਆਪਾ ਵਾਰ ਗਏ। ਲੜਾਈ ਖ਼ਤਮ ਹੋਣ ਪਿੱਛੋਂ ਜਦੋਂ ਗੁਰੂ ਜੀ ਜ਼ਖ਼ਮੀ ਤੇ ਸ਼ਹੀਦ ਹੋਏ ਸਿੰਘਾਂ ਨੂੰ ਵੇਖ ਰਹੇ ਸਨ ਤਾਂ ਇਸ ਜੱਥੇ ਦੇ ਜਥੇਦਾਰ ਭਾਈ ਮਹਾਂ ਸਿੰਘ ਅਜੇ ਆਖਰੀ ਸਾਹ ਲੈ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਦਾ ਸਿਰ ਆਪਣੀ ਗੋਦੀ ਵਿਚ ਰੱਖਦਿਆਂ ਆਖਰੀ ਇੱਛਾ ਪੁੱਛੀ। ਭਾਈ ਮਹਾਂ ਸਿੰਘ ਨੇ ਰੁਕਦੇ ਸਾਹਾਂ ਨਾਲ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਸਾਡੀ ਭੁੱਲ ਬਖਸ਼ ਦੇਵੋ ਜੇ ਤੁਠੇ ਹੋ ਤਾਂ ਸਾਡਾ ਬੇਦਾਵਾ ਪਾੜ ਕੇ ਸਾਨੂੰ ਸਵੀਕਾਰ ਕਰੋ।" ਏਨੀਆਂ ਮੁਸੀਬਤਾਂ ਤੋਂ ਲੰਘਦਿਆਂ ਜਦੋਂ ਸਾਰਾ ਕੁਝ ਹੀ ਗਵਾਚ ਗਿਆ ਸੀ ਉਦੋਂ ਵੀ ਗੁਰੂ ਜੀ ਨੇ ਉਸ ਬੇਦਾਵੇ ਨੂੰ ਸਾਂਭ ਕੇ ਰੱਖਿਆ। ਗੁਰੂ ਜੀ ਨੇ ਉਸ ਬੇਦਾਵੇ ਨੂੰ ਪਾੜਦੇ ਹੋਇਆਂ ਬਚਨ ਕੀਤੇ, "ਭਾਈ ਮਹਾਂ ਸਿੰਘ ਜੀ ਤੁਸੀਂ ਤੇ ਤੁਹਾਡੇ ਸਾਥੀ ਇਸ ਬੰਧਨ ਤੋਂ ਮੁਕਤ ਹੋਏ। ਤੁਸੀਂ ਮੇਰੇ ਮੁਕਤੇ ਹੋ" ਇੰਝ ਇਹ ਚਾਲੀ ਸਿੰਘ ਹਮੇਸ਼ਾ ਲਈ ਅਮਰ ਹੋ ਗਏ। ਸਿੱਖ ਅਰਦਾਸ ਕਰਦੇ ਸਮੇਂ ਚਾਲੀ ਮੁਕਤਿਆਂ ਦਾ ਧਿਆਨ ਜ਼ਰੂਰ ਧਰਦੇ ਹਨ। ਦੋਵੇਂ ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਰਸੋਈਏ ਗੰਗੂ ਨਾਲ ਸਨ। ਉਸ ਨੇ ਹਕੂਮਤ ਦੇ ਡਰੋਂ ਅਤੇ ਲਾਲਚ ਵਿਚ ਆ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਸੂਬਾ ਸਰਹਿੰਦ ਨੇ ਸਾਹਿਬਜ਼ਾਦਿਆਂ ਨੂੰ ਡਰਾਇਆ, ਧਮਕਾਇਆ, ਤਸੀਹੇ ਤੇ ਲਾਲਚ ਦਿੱਤੇ ਤਾਂ ਜੋ ਉਹ ਇਸਲਾਮ ਕਬੂਲ ਕਰ ਲੈਣ। ਜਦੋਂ ਉਨ੍ਹਾਂ ਇਸਲਾਮ ਕਬੂਲ ਕਰਨ ਤੋਂ ਨਾਂਹ ਕੀਤੀ ਤਾਂ ਗੁਰੂ ਜੀ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਕੰਧ ਵਿਚ ਜਿੰਦਾ ਚਿਣਵਾ ਕੇ ਸ਼ਹੀਦ ਕੀਤਾ। ਇਥੇ ਹੀ ਗੁਰੂ ਜੀ ਦੇ ਮਾਤਾ ਜੀ ਵੀ ਸ਼ਹੀਦ ਹੋਏ।

ਮੌਕੇ ਦੀ ਹਕੂਮਤ ਨੂੰ ਯਕੀਨ ਸੀ ਕਿ ਗੁਰੂ ਜੀ ਦਾ ਸਰਬੰਸ ਕੁਰਬਾਨ ਹੋ ਚੁੱਕਾ ਹੈ, ਉਨ੍ਹਾਂ ਦੀ ਫ਼ੌਜ ਵੀ ਸ਼ਹੀਦ ਹੋ ਗਈ ਹੈ। ਹੁਣ ਲੋਕੀਂ ਡਰ ਜਾਣਗੇ ਤੇ ਸਹਿਮ ਦੇ ਇਸ ਸਾਏ ਅਧੀਨ ਗੁਰੂ ਜੀ ਤੋਂ ਮੁੱਖ ਮੋੜ ਲੈਣਗੇ ਪਰ ਇਸ ਜ਼ੁਲਮ ਨੇ ਲੋਕਾਂ ਦੇ ਗੁੱਸੇ ਨੂੰ ਜਗਾਇਆ। ਉਨ੍ਹਾਂ ਦੇ ਜਿਹੜਾ ਹਥਿਆਰ ਵੀ ਹੱਥ ਆਇਆ ਉਸ ਨੂੰ ਚੁੱਕਿਆ ਤੇ ਖਿਦਰਾਣੇ ਦੀ ਢਾਬ ਗੁਰੂ ਜੀ 'ਤੇ ਹਮਲਾ ਕਰ ਰਹੀ ਸ਼ਾਹੀ ਫ਼ੌਜ ਨੂੰ ਚਾਰੇ ਪਾਸਿਓਂ ਘੇਰਾ ਪਾ ਲਿਆ ਲੋਕਾਂ ਦੇ ਜਾਗੇ ਰੋਹ ਅੱਗੇ ਸ਼ਾਹੀ ਫੌਜ ਦੀਆਂ ਤੋਪਾਂ ਵੀ ਬੇਕਾਰ ਹੋ ਗਈਆਂ ਤੇ ਫ਼ੌਜ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ। ਗੁਰੂ ਜੀ ਨੇ ਇਹ ਸਿੱਧ ਕਰ ਦਿੱਤਾ ਕਿ ਜਦੋਂ ਲੋਕਾਂ ਵਿਚ ਰੋਹ ਜਾਗਦਾ ਹੈ ਤਾਂ ਵੱਡੀ ਤੋਂ ਵੱਡੀ ਤਾਕਤ ਦੀਆਂ ਵੀ ਜੜ੍ਹਾਂ ਪੁੱਟੀਆਂ ਜਾਂਦੀਆਂ ਹਨ। ਇਸ ਹਾਰ ਪਿੱਛੋਂ ਸ਼ਾਹੀ ਫ਼ੌਜ ਨੇ ਮੁੜ ਗੁਰੂ ਜੀ ਉੱਤੇ ਹਮਲਾ ਕਰਨ ਦੀ ਕਦੇ ਜੁਰੱਅਤ ਨਹੀਂ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਜਬਰ ਜ਼ੁਲਮ ਵਿਰੁੱਧ ਆਪਣੇ ਆਪ ਨੂੰ ਨਿਮਾਣੇ ਸਮਝ ਸਭ ਕੁਝ ਝਲ ਰਹੇ ਲੋਕਾਂ 'ਚ ਹੱਕਾਂ ਦੀ ਰਾਖੀ ਲਈ ਸੰਘਰਸ਼ ਦੀ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ ਉਸ ਦੀ ਸੰਪੂਰਨਤਾ ਖਿਦਰਾਣੇ ਦੀ ਢਾਬ ਜਿਸ ਨੂੰ ਹੁਣ ਮੁਕਤਸਰ ਸਾਹਿਬ ਆਖਿਆ ਜਾਂਦਾ ਹੈ ਵਿਖੇ ਹੋਈ। ਸਚਮੁੱਚ ਇਸ ਧਰਤੀ ਉੱਤੇ ਜਬਰ ਜ਼ੁਲਮ ਤੋਂ ਲੋਕਾਈ ਨੇ ਆਪਣੀ ਸ਼ਕਤੀ ਨਾਲ ਮੁਕਤੀ ਪ੍ਰਾਪਤ ਕੀਤੀ ਸੀ।

# ਅਕਾਲੀ ਦਲ ਤੇ ਬਸਪਾ ਦੀ ਸਾਂਝ ਸਥਾਈ: ਹਰਸਿਮਰਤ; ਮਾਘੀ ਮੇਲੇ ਮੌਕੇ ਇਸਤਰੀ ਅਕਾਲੀ ਦਲ ਦੀ ਕਾਨਫਰੰਸ

**ਸ੍ਰੀ ਮੁਕਤਸਰ ਸਾਹਿਬ, 13 ਜਨਵਰੀ -ਰੋਜ਼ਾਨਾ ਸਵੇਰਾ-**

ਇੱਥੇ ਮੇਲਾ ਮਾਘੀ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲੀ ਵਾਰ ਇਸਤਰੀ ਕਾਨਫਰੰਸ ਕਰਵਾਈ ਗਈ ਜਿਸ ਦੌਰਾਨ ਸਾਬਕਾ ਕੇਂਦਰੀ ਮੰਤਰੀ ਤੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਬਹੁਜਨ ਸਮਾਜ ਪਾਰਟੀ ਨਾਲ ਗੂੜ੍ਹਾ ਸਮਝੌਤਾ ਹੈ। ਉਹ ਅਕਾਲੀ ਦਲ ਦੀ ਭਾਈਵਾਲ ਪਾਰਟੀ ਹੈ, ਜੇ ਬਸਪਾ ਦੇ ਕਿਸੇ ਆਗੂ ਦੇ ਮਨ ਵਿੱਚ ਗਿਲਾ-ਸ਼ਿਕਵਾ ਹੈ ਤਾਂ ਸੀਨੀਅਰ ਲੀਡਰਸ਼ਿਪ ਨਾਲ ਗੱਲ ਕਰ ਸਕਦੇ ਹਨ। ਦੱਸਣਯੋਗ ਹੈ ਕਿ ਬੀਤੇ ਦਿਨੀਂ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਅਕਾਲੀ ਆਗੂਆਂ ਉਪਰ ਉਨ੍ਹਾਂ ਨੂੰ ਨਾਲ ਲੈ ਕੇ ਨਾ ਚੱਲਣ ਦੇ ਦੋਸ਼ ਲਾਏ ਸਨ।


ਸ੍ਰੀ ਮੁਕਤਸਰ ਸਾਹਿਬ ਵਿੱਚ ਮਾਘੀ ਮੇਲੇ ਮੌਕੇ ਕੀਤੀ ਇਸਤਰੀ ਅਕਾਲੀ ਦਲ ਦੀ ਕਾਨਫਰੰਸ 'ਚ ਸ਼ਾਮਲ ਸੁਖਬੀਰ ਬਾਦਲ ਤੇ ਹਰਸਿਮਰਤ ਕੌਰ। ਫ਼ੋਟੋ : ਪ੍ਰੈਸ ਕੀ ਤਾਕਤ

ਹਰਸਿਮਰਤ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਅਕਾਲੀ ਦਲ ਦਾ ਬਸਪਾ ਨਾਲ ਗੱਠਜੋੜ ਮਜ਼ਬੂਤ ਤੇ ਸਥਾਈ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਔਰਤਾਂ ਦੇ ਖਾਤੇ ਵਿੱਚ ਹਜ਼ਾਰ-ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਦੋ ਸਾਲ ਬੀਤਣ 'ਤੇ ਵੀ ਇਕ ਪੈਸਾ ਨਹੀਂ ਦਿੱਤਾ ਗਿਆ। ਹੁਣ ਪੰਜਾਬ ਦੀਆਂ ਬੀਬੀਆਂ ਹੀ ਇਨ੍ਹਾਂ ਨੂੰ ਸਬਕ ਸਿਖਾਉਣਗੀਆਂ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਿਹਾ ਕਿ ਅਕਾਲੀ ਸਰਕਾਰ ਵੱਲੋਂ ਚਲਾਈਆਂ ਜਿਹੜੀਆਂ ਲੋਕ ਭਲਾਈ ਸਕੀਮਾਂ 'ਆਪ' ਸਰਕਾਰ ਨੇ ਬੰਦ ਕੀਤੀਆਂ ਹਨ, ਉਹ ਅਕਾਲੀ ਸਰਕਾਰ ਆਉਣ 'ਤੇ ਮੁੜ ਚਲਾਈਆਂ ਜਾਣਗੀਆਂ ਅਤੇ ਬੁਢਾਪਾ ਪੈਨਸ਼ਨ 25 ਸੌ ਰੁਪਏ ਮਹੀਨਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਪੰਜਾਬੀਆਂ ਨਾਲ ਧੋਖਾ ਕਰ ਰਹੀ ਹੈ। ਕਾਂਗਰਸ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਦੇ ਵਿਧਾਇਕ ਨਸ਼ਾ ਤਸਕਰਾਂ ਤੋਂ ਲੱਖਾਂ ਰੁਪਏ ਮਹੀਨਾ ਵਸੂਲ ਰਹੇ ਹਨ ਜਿਸ ਕਰਕੇ ਨਸ਼ਾ ਦਿਨੋ ਦਿਨ ਵੱਧ ਰਿਹਾ ਹੈ। ਪੁਲੀਸ ਵੀ ਨਸ਼ਾ ਤਸਕਰਾਂ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀ। ਇਸ ਦੌਰਾਨ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਹਰਗੋਬਿੰਦ ਕੌਰ ਨੇ ਕਿਹਾ ਕਿ ਔਰਤਾਂ 'ਆਪ' ਸਰਕਾਰ ਦੇ ਕੁਸ਼ਾਸਨ ਦੀ ਮਾਰ ਝੱਲ ਰਹੀਆਂ ਹਨ। ਇਸ ਮੌਕੇ ਰੋਜ਼ੀ ਬਰਕੰਦੀ, ਹਨੀ ਫੱਤਣਵਾਲਾ, ਪ੍ਰੀਤਇੰਦਰ ਸਿੰਘ ਸੰਮੇਵਾਲੀ ਸਣੇ ਹੋਰ ਆਗੂ ਵੀ ਮੌਜੂਦ ਸਨ।

# ਡਿਊਟੀ ਦੌਰਾਨ ਕੁਤਾਹੀ ਵਰਤਣ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਅਮਲੇ ਨੂੰ ਭਾਰੀ ਜੁਰਮਾਨੇ

**ਅੰਮ੍ਰਿਤਸਰ, 13 ਜਨਵਰੀ -ਰੋਜ਼ਾਨਾ ਸਵੇਰਾ-**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਤਾਇਨਾਤ ਅਮਲੇ ਜਿਸ ਵਿੱਚ ਇੱਕ ਵਧੀਕ ਮੁੱਖ ਗ੍ਰੰਥੀ ਸਣੇ ਅੱਠ ਕਰਮਚਾਰੀ ਸ਼ਾਮਲ ਹਨ, ਨੂੰ ਡਿਊਟੀ ਦੌਰਾਨ ਕੁਤਾਹੀ ਵਰਤਣ ਦੇ ਦੋਸ਼ ਹੇਠ ਭਾਰੀ ਮਾਇਕ ਜੁਰਮਾਨੇ ਕੀਤੇ ਗਏ ਹਨ। ਮਿਲੇ ਵੇਰਵਿਆਂ ਤਹਿਤ ਵਧੀਕ ਮੁੱਖ ਗ੍ਰੰਥੀ ਨੂੰ ਇਕ ਲੱਖ ਰੁਪਏ ਅਤੇ ਬਾਕੀ ਕਰਮਚਾਰੀਆਂ ਨੂੰ 25-25 ਹਜ਼ਾਰ ਰੁਪਏ ਮਾਇਕ ਜੁਰਮਾਨਾ ਕੀਤਾ ਗਿਆ ਹੈ। ਇਨ੍ਹਾਂ ਖ਼ਿਲਾਫ਼ ਦੋਸ਼ ਹੈ ਕਿ ਉਨ੍ਹਾਂ ਨੇ ਬੰਦੀ ਛੋੜ ਦਿਵਸ ਸਮਾਗਮ ਸਮੇਂ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਕੀਤੇ ਗਏ ਸਮਾਗਮ ਸਮੇਂ ਆਪਣੀ ਡਿਊਟੀ ਪੂਰੀ ਚੌਕਸੀ ਨਾਲ ਨਹੀਂ ਕੀਤੀ ਸੀ। ਕਰਮਚਾਰੀਆਂ ਨੂੰ ਜੁਰਮਾਨੇ ਲਾਉਣ ਦੇ ਕੀਤੇ ਗਏ ਫੈਸਲੇ ਦੀ ਸ਼੍ਰੋਮਣੀ ਕਮੇਟੀ ਦੇ ਇੱਕ ਉੱਚ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਬੰਦੀ ਛੋੜ ਦਿਵਸ ਸਮਾਗਮ ਸਮੇਂ ਇੱਕ ਵਿਅਕਤੀ ਨਿਹੰਗ ਸਿੰਘ ਬਾਣੇ ਵਿੱਚ ਸ੍ਰੀ ਅਕਾਲ ਤਖ਼ਤ ਦੀ ਫਸੀਲ 'ਤੇ ਆ ਗਿਆ ਸੀ ਅਤੇ ਉਸ ਨੇ ਉੱਥੇ ਰੱਖੇ ਮਾਇਕ 'ਤੇ ਆਪ ਮੁਹਾਰੇ ਬੋਲਣਾ ਸ਼ੁਰੂ ਕਰ ਦਿੱਤਾ। ਸਮਾਗਮ ਸਮੇਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਫਸੀਲ ਤੋਂ ਨਿਹੰਗ ਸਿੰਘ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਇਸ ਘਟਨਾ ਦਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਇੱਕ ਉੱਚ ਪੱਧਰੀ ਕਮੇਟੀ ਬਣਾਈ ਜਾਵੇ ਜੋ ਇਸ ਮਾਮਲੇ ਦੀ ਜਾਂਚ ਕਰੇ ਅਤੇ ਭਵਿੱਖ ਵਿੱਚ ਅਜਿਹਾ ਮੁੜ ਨਾ ਹੋਵੇ ਸਬੰਧੀ ਨੇਮ ਤਿਆਰ ਕੀਤੇ ਜਾਣ।



**ਗੁਰੂ ਅਮਰ ਦਾਸ ਦਾ 450 ਸਾਲਾ ਜੋਤੀ ਜੋਤਿ ਦਿਵਸ ਮਨਾਏਗੀ ਸ਼੍ਰੋਮਣੀ ਕਮੇਟੀ**

ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਅਮਰ ਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦਿਵਸ ਦੀ 450 ਸਾਲਾ ਸ਼ਤਾਬਦੀ ਸਤੰਬਰ ਵਿੱਚ ਮਨਾਈ ਜਾਵੇਗੀ। ਇਹ ਫੈਸਲਾ ਅੱਜ ਧਰਮ ਪ੍ਰਚਾਰ ਕਮੇਟੀ ਦੀ ਗੁਰਦੁਆਰਾ ਸ੍ਰੀ ਆਲਮਗੀਰ ਵਿੱਚ ਹੋਈ ਮੀਟਿੰਗ ਦੌਰਾਨ ਕੀਤਾ ਗਿਆ। ਮੀਟਿੰਗ ਵਿੱਚ ਸਮਾਗਮਾਂ ਸਬੰਧੀ ਰੂਪ-ਰੇਖਾ ਤਿਆਰ ਕਰਨ ਲਈ ਇੱਕ ਉੱਚ-ਪੱਧਰੀ ਕਮੇਟੀ ਗਠਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਤਹਿਤ ਪਿੰਡ ਪੱਧਰ ਤੱਕ ਪ੍ਰਚਾਰਕ ਜਥੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਇਤਿਹਾਸਕ ਦਿਹਾੜੇ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਗੁਰ-ਇਤਿਹਾਸ ਅਤੇ ਸਿੱਖ ਸਿਧਾਂਤਾਂ ਨਾਲ ਜੋੜਨਗੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮਾਗਮ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮਨਾਏ ਜਾਣਗੇ।

# ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਡਾਵਾਂਡੋਲ: ਪ੍ਰਨੀਤ ਕੌਰ


ਕੈਲੰਡਰ ਰਿਲੀਜ਼ ਕਰਦੇ ਹੋਏ ਸੰਸਦ ਮੈਂਬਰ ਪ੍ਰਨੀਤ ਕੌਰ।

**ਪਟਿਆਲਾ, 13 ਜਨਵਰੀ -ਰੋਜ਼ਾਨਾ ਸਵੇਰਾ-**

ਇੱਥੋਂ ਦੀ ਕਾਂਗਰਸੀ ਸੰਸਦ ਮੈਂਬਰ ਬੀਬੀ ਪ੍ਰਨੀਤ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨੀ ਦੀ ਸਥਿਤੀ ਚਿੰਤਾਜਨਕ ਬਣ ਗਈ ਹੈ ਕਿਉਂਕਿ ਇੱਥੇ ਕਿਤੇ ਵੀ ਕਿਸੇ ਵੀ ਵਿਅਕਤੀ ਜਾਂ ਔਰਤ ਨੂੰ ਲੁਟੇਰੇ ਤੇ ਝਪਟਮਾਰ ਲੁੱਟ ਕੇ ਫ਼ਰਾਰ ਹੋ ਜਾਂਦੇ ਹਨ। ਅਪਰਾਧੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਕਿਸੇ 'ਤੇ ਗੋਲੀਆਂ ਚਲਾ ਦਿੰਦੇ ਹਨ ਤੇ ਕਿਸੇ ਵੀ ਨੂੰ ਚਾਕੂਆਂ ਨਾਲ ਵਿੰਨ੍ਹ ਦਿੰਦੇ ਹਨ। ਇਸੇ ਤਰ੍ਹਾਂ ਜੇਲ੍ਹਾਂ ਵਿੱਚ ਬੰਦੀ ਬਿਨਾਂ ਕਿਸੇ ਡਰ ਭੈਅ ਤੋਂ ਆਪਣਾ ਨੈੱਟਵਰਕ ਚਲਾ ਰਹੇ ਹਨ ਜਿਸ ਕਰਕੇ ਹਰੇਕ ਪੰਜਾਬੀ ਚਿੰਤਾ ਵਿਚ ਹੈ। ਇਹ ਵਿਚਾਰ ਬੀਬੀ ਪ੍ਰਨੀਤ ਕੌਰ ਨੇ ਇੱਥੇ ਸੈਂਟਰਲ ਵਾਲਮੀਕੀ ਸਭਾ ਇੰਡੀਆ ਦਾ ਨਵੇਂ ਸਾਲ ਦਾ ਕੈਲੰਡਰ ਜਾਰੀ ਕਰਨ ਸਮੇਂ ਕਹੇ।

ਉਨ੍ਹਾਂ ਇੱਥੇ ਪਟਿਆਲਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੱਲ੍ਹ ਆਨੰਦ ਨਗਰ ਵਿੱਚ ਬਜ਼ੁਰਗ ਔਰਤ ਦੇ ਕੰਨਾਂ ਦੀਆਂ ਵਾਲੀਆਂ ਝਪਟ ਲਈਆਂ ਗਈਆਂ ਅਤੇ ਬੱਸ ਸਟੈਂਡ ਕੋਲ ਹਮਲੇ ਕੀਤੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਹਾਲ ਕਰਨ ਵੱਲ ਵਿਸ਼ੇਸ਼ ਧਿਆਨ ਦੇਣ ਤਾਂ ਕਿ ਪੰਜਾਬ ਦਾ ਹਰ ਇਕ ਨਾਗਰਿਕ ਸੁੱਖ ਦਾ ਸਾਹ ਲੈ ਸਕੇ।

ਇਸ ਮੌਕੇ ਚੇਅਰਮੈਨ ਮਦਨਜੀਤ ਸਿੰਘ ਡਕਾਲਾ, ਰਾਜੇਸ਼ ਘਾਰੂ ਤੇ ਸੋਨੂੰ ਸੰਗਰ ਮੌਜੂਦ ਸਨ।

# ਪਲਾਟਾਂ ਦੀ ਕਾਣੀ ਵੰਡ ਮਾਮਲੇ 'ਚ ਮਜ਼ਦੂਰ ਮੁਕਤੀ ਮੋਰਚਾ ਨੇ ਮੰਗਿਆ

**ਪਾਤੜਾਂ, 13 ਜਨਵਰੀ -ਰੋਜ਼ਾਨਾ ਸਵੇਰਾ-**

ਪਿੰਡ ਹਰਿਆਉ ਖ਼ੁਰਦ ਦੀ ਪੰਚਾਇਤ ਵੱਲੋਂ ਪਲਾਟਾਂ ਦੀ ਕਾਣੀ ਵੰਡ ਵਿਰੁੱਧ ਹੱਕ ਮੰਗਦੇ ਮਜ਼ਦੂਰਾਂ ਨੂੰ ਝੂਠੇ ਕੇਸ ਵਿੱਚ ਫਸਾਉਣ ਦੀਆਂ ਧਮਕੀਆਂ ਖ਼ਿਲਾਫ਼ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂਆਂ ਨੇ ਐੱਸਡੀਐੱਮ ਪਾਤੜਾਂ ਨੂੰ ਮੰਗ ਪੱਤਰ ਸੌਂਪ ਕੇ ਇਨਸਾਫ਼ ਦੀ ਮੰਗ ਕੀਤੀ ਹੈ। ਐੱਸਡੀਐੱਮ ਪਾਤੜਾਂ ਨਵਦੀਪ ਕੁਮਾਰ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪੜਤਾਲ ਕਰਵਾ ਕੇ ਕਾਰਵਾਈ ਕੀਤੀ ਜਾਵੇਗੀ।

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਪ੍ਰਧਾਨ ਗੋਬਿੰਦ ਸਿੰਘ ਛਾਜਲੀ, ਸੂਬਾ ਆਗੂ ਘਮੰਡ ਸਿੰਘ ਖਾਲਸਾ, ਬਿੱਟੂ ਸਿੰਘ ਖੋਖਰ ਤੇ ਬਲਵਿੰਦਰ ਸਿੰਘ ਹਰਿਆਉ ਖ਼ੁਰਦ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਵੋਟਾਂ ਬਟੋਰਨ ਸਮੇਂ ਸਿਆਸੀ ਪਾਰਟੀਆਂ ਮਜ਼ਦੂਰਾਂ ਨੂੰ ਪਲਾਟ ਦੇਣ ਦਾ ਝਾਂਸਾ ਦਿੰਦੀਆਂ ਹਨ ਪਰ ਸੱਤਾ ਹੱਥ ਲੱਗਣ ਮਗਰੋਂ ਉਨ੍ਹਾਂ ਦੀ ਸਾਰ ਨਹੀਂ ਲੈਂਦੀਆਂ। ਉਨ੍ਹਾਂ ਕਿਹਾ ਹੈ ਕਿ ਹਰਿਆਉ ਖ਼ੁਰਦ ਵਿੱਚ 2014 ਵਿੱਚ ਇੱਥੋਂ ਦੀ ਪੰਚਾਇਤ ਵੱਲੋਂ ਕੱਟੇ ਗਏ 88 ਪਲਾਟਾਂ ਦਾ ਹਾਲੇ ਤੱਕ ਮਜ਼ਦੂਰਾਂ ਨੂੰ ਮਾਲਕੀ ਹੱਕ ਨਹੀਂ ਦਿੱਤਾ ਗਿਆ। ਹੁਣ ਮੌਜੂਦਾ ਪੰਚਾਇਤ, ਮਜ਼ਦੂਰਾਂ ਨੂੰ ਝੂਠੇ ਕੇਸ ਵਿੱਚ ਫਸਾਉਣ ਦੀਆਂ ਧਮਕੀਆਂ ਦਿੰਦੀ ਹੈ ਅਤੇ ਉਨ੍ਹਾਂ ਦੇ ਪਲਾਟਾਂ 'ਤੇ ਆਪਣੇ ਚਹੇਤਿਆਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਚਾਇਤ ਦੀ ਧੱਕੇਸ਼ਾਹੀ ਖਿਲਾਫ਼ ਇਨਸਾਫ ਮਿਲਣ ਤੱਕ ਉਨ੍ਹਾਂ ਦਾ ਸੰਘਰਸ਼ ਨੂੰ ਜਾਰੀ ਰਹੇਗਾ।

ਦੂਜੇ ਪਾਸੇ ਪਿੰਡ ਦੇ ਸਰਪੰਚ ਗੁਲਾਬ ਸਿੰਘ ਹਰਿਆਊ ਨੇ ਧਮਕੀਆਂ ਦੇਣ ਦੇ ਮਾਮਲੇ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਹੈ ਕਿ 163 ਲਾਭਪਾਤਰੀਆਂ ਨੂੰ ਪਲਾਟ ਦਿੱਤੇ ਜਾ ਚੁੱਕੇ ਹਨ। ਜਿਹੜੇ ਬਾਕੀ ਰਹਿੰਦੇ ਹਨ ਉਨ੍ਹਾਂ ਨੂੰ ਪੰਚਾਇਤ ਵਿੱਚ ਮਤਾ ਪਾਸ ਕਰਕੇ ਛੇਤੀ ਹੀ ਪਲਾਟ ਦਿੱਤੇ ਜਾਣਗੇ। ਇਸ ਮੌਕੇ ਸੇਬੀ ਸਿੰਘ ਖੰਡੇਬਾਦ, ਕਰਮ ਸਿੰਘ, ਬਾਬਾ ਜਰਨੈਲ ਸਿੰਘ, ਅਜੈਬ ਸਿੰਘ, ਧੰਨਾ ਸਿੰਘ, ਗੁਰਤੇਜ ਸਿੰਘ ਆਦਿ ਹਾਜ਼ਰ ਸਨ।


ਜਥੇਬੰਦੀ ਦੇ ਆਗੂ ਪਾਤੜਾਂ ਦੇ ਐੱਸਡੀਐੱਮ ਨੂੰ ਮੰਗ ਪੱਤਰ ਦਿੰਦੇ ਹੋਏ। ਫ਼ੋਟੋ : ਪ੍ਰੈਸ ਕੀ ਤਾਕਤ

# ਵਿਦੇਸ਼ ਭੇਜਣ ਦੇ ਨਾਂ ਉੱਤੇ 16.70 ਹਜ਼ਾਰ ਦੀ ਠੱਗੀ

**ਦੇਵੀਗੜ੍ਹ, 13 ਜਨਵਰੀ -ਰੋਜ਼ਾਨਾ ਸਵੇਰਾ-**

ਜੁਲਕਾਂ ਦੀ ਪੁਲੀਸ ਕੋਲ ਧਰਮਿੰਦਰ ਸਿੰਘ ਵਾਸੀ ਪਿੰਡ ਖਰਾਬਗੜ੍ਹ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਨ੍ਹਾਂ ਦੇ ਭਾਣਜੇ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਦੋ ਵਿਅਕਤੀਆਂ ਨੇ ਉਸ ਨਾਲ ਠੱਗੀ ਮਾਰੀ ਹੈ। ਇਸ 'ਤੇ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਖਰਾਬਗੜ੍ਹ ਦੇ ਧਰਮਿੰਦਰ ਸਿੰਘ ਨੇ ਥਾਣਾ ਜੁਲਕਾਂ ਪਾਸ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਂਕਾਰ ਸਿੰਘ ਵਾਸੀ ਮਕਾਨ ਨੰਬਰ 123/ਏ, ਗਲੀ ਨੰਬਰ 01, ਕਿਸਮਤ ਨਗਰ ਬਬਿਆਲ, ਅੰਬਾਲਾ ਹਰਿਆਣਾ ਅਤੇ ਰਘੂਨੰਦਨ ਪੁੱਤਰ ਸੁਰੇਸ਼ ਸ਼ਰਮਾ ਮਵੀ ਕਲਾਂ ਕਾਲੋਨੀ, ਸਹਾਰਨਪੁਰ ਯੂ.ਪੀ., ਨੇ ਉਸ ਦੇ ਭਾਣਜੇ ਸਾਹਿਜ ਕੁਮਾਰ ਨੂੰਆਸਟ੍ਰੇਲੀਆ ਭੇਜਣ ਦਾ ਝਾਂਸਾ ਦੇ ਕੇ ਉਸ ਕੋਲੋਂ 16 ਲੱਖ 70 ਹਜ਼ਾਰ ਰੁਪਏ ਲੈ ਲਏ ਸਨ ਪਰ ਬਾਅਦ ਵਿੱਚ ਨਾ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਮੋੜੇ। ਇਸ ਸਬੰਧ ਵਿੱਚ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

Onwer, Publisher and Editor by Ramanpreet Singh. Printer by Vinod Kumar and Printed at The Caseeno Printing Press W/C I.S Ltd, Old Gaushala Market Near Post Office, Shop no. 13, Rampura Phul.
Published at Guru Nanak Pura Mohalla, Near Vishwash Mandir, Rampura Phul, Distt. Bathinda, Punjab (151103)
Editor : Ramanpreet Singh RNI NO. PUNPUN/2022/85991 Mobile. 9803298016 E-mail: rozanasavera@gmail.com (Monthly Rozana Savera)
ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਪ੍ਰਿੰਟਰ ਵਿਨੋਦ ਕੁਮਾਰ, ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਪੁਰਾਣੀ ਗਊਸ਼ਾਲਾ ਮਾਰਕਿਟ, ਨੇੜੇ ਪੋਸਟ ਆਫਿਸ, ਦੁਕਾਨ ਨੰ. 13 ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ: ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ। ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਕੇਂਦਰੀ ਸਕੀਮਾਂ ਦਾ ਲਾਭ ਲੈਣ ਲਈ ਲੋਕ ਰਾਜ ਭਵਨ ਤੱਕ ਪਹੁੰਚ ਕਰਨ: ਪੁਰੋਹਿਤ


ਭਰਥਲਾ ਵਿੱਚ ਸਟਾਲਾਂ ਦਾ ਜਾਇਜ਼ਾ ਲੈਂਦੇ ਹੋਏ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਹੋਰ।

**ਚੰਡੀਗੜ੍ਹ, -ਰੋਜ਼ਾਨਾ ਸਵੇਰਾ-**

ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਡੀਸੀ ਨਵਜੋਤ ਪਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਪਿੰਡ ਭਰਥਲਾ ਵਿਚ 'ਵਿਕਸਤ ਭਾਰਤ ਸੰਕਲਪ ਯਾਤਰਾ' ਤਹਿਤ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੁੰਦਿਆਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਕੇਂਦਰੀ ਸਕੀਮਾਂ ਨੂੰ ਲੋੜਵੰਦਾਂ ਤੱਕ ਪਹੁੰਚਾਉਣ ਲਈ ਕਿਹਾ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਜੇ ਉਨ੍ਹਾਂ ਨੂੰ ਸਕੀਮਾਂ ਦਾ ਲਾਭ ਨਹੀਂ ਮਿਲਦਾ ਤਾਂ ਉਹ ਰਾਜ ਭਵਨ ਤੱਕ ਪਹੁੰਚ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਵੱਲੋਂ ਇਸ ਸਬੰਧੀ ਵੱਖਰੇ ਅਧਿਕਾਰੀ ਨਿਯੁਕਤ ਕਰ ਦਿੱਤੇ ਗਏ ਹਨ।

ਕੇਂਦਰ ਸਰਕਾਰ ਦੀਆਂ ਸਕੀਮਾਂ ਸਬੰਧੀ ਲਗਾਏ ਗਏ ਸਟਾਲਾਂ ਦਾ ਸ੍ਰੀ ਪੁਰੋਹਿਤ ਨੇ ਜਾਇਜ਼ਾ ਲਿਆ। ਸ੍ਰੀ ਪੁਰੋਹਿਤ ਨੇ ਕਿਹਾ ਕਿ ਉਨ੍ਹਾਂ ਨੂੰ ਪਿਛਲੇ ਦਿਨਾਂ ਦੀਆਂ ਮੀਡੀਆ ਰਿਪੋਰਟਾਂ ਤੋਂ ਜਾਣਕਾਰੀ ਮਿਲੀ ਹੈ ਕਿ ਪੰਜਾਬ ਸਰਕਾਰ ਕੇਂਦਰ ਵੱਲੋਂ ਚਲਾਈਆਂ ਸਕੀਮਾਂ ਨੂੰ ਗਰੀਬਾਂ ਅਤੇ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਤੋਂ ਇਨਕਾਰੀ ਹੋ ਰਹੀ ਹੈ। ਇਸ ਕਰਕੇ ਉਨ੍ਹਾਂ ਦੇ ਮਨ ਵਿੱਚ ਰੋਸ ਹੈ। ਉਨ੍ਹਾਂ ਕਿਹਾ ਕਿ ਗਰੀਬਾਂ ਦੀ ਭਲਾਈ ਲਈ ਬਣੀਆਂ ਸਕੀਮਾਂ ਨੂੰ ਰੋਕਣਾ ਅਤੇ ਲੋੜਵੰਦਾਂ ਤੱਕ ਨਾ ਪਹੁੰਚਾਉਣਾ ਗ਼ਲਤ ਹੈ।

ਉਨ੍ਹਾਂ ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਕੇਂਦਰੀ ਸਕੀਮਾਂ ਨੂੰ ਲੋੜਵੰਦਾਂ ਤੱਕ ਪਹੁੰਚਾਇਆ ਜਾਵੇ ਉੱਥੇ ਲੋਕਾਂ ਨੂੰ ਵੀ ਕਿਹਾ ਕਿ ਜੇ ਉਨ੍ਹਾਂ ਨੂੰ ਸਕੀਮਾਂ ਦਾ ਲਾਭ ਨਹੀਂ ਮਿਲਦਾ ਤਾਂ ਉਹ ਰਾਜ ਭਵਨ ਤੱਕ ਪਹੁੰਚ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਵੱਲੋਂ ਇਸ ਸਬੰਧੀ ਵੱਖਰੇ ਅਧਿਕਾਰੀ ਨਿਯੁਕਤ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਬਹੁਤ ਵਧ ਗਏ ਹਨ। ਇਸ ਸਬੰਧੀ ਪਿੰਡ-ਪਿੰਡ ਨਸ਼ਾ ਰੋਕੂ ਕਮੇਟੀਆਂ ਬਣਾਈਆਂ ਜਾਣ। ਇਸ ਮੌਕੇ ਐੱਸਐੱਸਪੀ ਨਿਖਿਲ ਚੌਧਰੀ, ਭਾਜਪਾ ਦੇ ਸੂਬਾਈ ਆਗੂ ਜਗਮੋਹਨ ਸਿੰਘ ਰਾਜੂ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਲੱਕੀ ਹਾਜ਼ਰ ਸਨ। ਇਸ ਮੌਕੇ ਐੱਮਆਰ ਸਿਟੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।

## ਆਰਥਿਕ ਅਤੇ ਸਮਾਜਿਕ ਪਛੜਿਆਂ ਨੂੰ ਮਜ਼ਬੂਤ ਕਰ ਰਹੇ ਸ਼ਿਲਪ ਮੇਲੇ

# ਅੰਮ੍ਰਿਤਸਰ 'ਚ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦਾ ਸ਼ਿਲਪ ਸਮਾਗਮ ਸ਼ੁਰੂ

## *ਕਤਾਰ ਵਿੱਚ ਖੜ੍ਹੇ ਆਖਰੀ ਲੋਕਾਂ ਨੂੰ ਮਿਲਿਆ ਅੰਤਰਰਾਜੀ ਪਲੇਟਫਾਰਮ*

**ਅੰਮ੍ਰਿਤਸਰ, -ਰੋਜ਼ਾਨਾ ਸਵੇਰਾ-**

ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੁਆਰਾ ਸ਼ਿਲਪ ਮੇਲਿਆਂ ਦਾ ਆਯੋਜਨ ਕਰਕੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਸਸ਼ਕਤ ਬਣਾਇਆ ਜਾ ਰਿਹਾ ਹੈ।

ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਰਾਜਨ ਸਹਿਗਲ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੀ ਡਿਪਟੀ ਡਾਇਰੈਕਟਰ ਜਨਰਲ ਪ੍ਰਤਿਮਾ ਗੁਪਤਾ ਨੇ ਅੱਜ ਇੱਥੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ, ਭਾਰਤ ਸਰਕਾਰ ਵਲੋਂ ਰਾਸ਼ਟਰੀ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ, ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਵਿੱਤ ਅਤੇ ਵਿਕਾਸ ਨਿਗਮ ਭਾਰਤ ਸਰਕਾਰ, ਰਾਸ਼ਟਰੀ ਸਫ਼ਾਈ ਕਰਮਚਾਰੀ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ ਭਾਰਤ ਸਰਕਾਰ ਦੀ ਸਾਂਝੀ ਅਗਵਾਈ ਹੇਠ ਕਰਵਾਏ ਜਾ ਰਹੇ ਪਹਿਲੇ ਸ਼ਿਲਪ ਸਮਾਗਮ ਦੇ ਸ਼ੁੱਭ ਆਰੰਭ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਭਾਰਤ ਸਰਕਾਰ ਘੱਟ ਵਿਆਜ ਦਰਾਂ 'ਤੇ ਕਰਜ਼ੇ ਦੇ ਕੇ ਸਮਾਜ ਦੇ ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਨਾ ਸਿਰਫ ਹੁਨਰ ਦੇ ਕੇ ਅਤੇ ਉਨ੍ਹਾਂ ਦੀ ਸਮਰੱਥਾ ਦਿਖਾ ਕੇ ਉਤਸ਼ਾਹਿਤ ਕਰ ਰਹੀ ਹੈ, ਸਗੋਂ ਉਨ੍ਹਾਂ ਦੁਆਰਾ ਤਿਆਰ ਕੀਤੇ ਗਏ ਸਮਾਨ ਲਈ ਮਾਰਕੀਟਿੰਗ ਕੇਂਦਰ ਵੀ ਪ੍ਰਦਾਨ ਕਰ ਰਹੀ ਹੈ। ਤਾਂ ਜੋ ਉਨ੍ਹਾਂ ਨੂੰ ਮਜ਼ਬੂਤ ਬਾਜ਼ਾਰ ਮਿਲ ਸਕੇ। ਨਾਲ ਹੀ ਇਨ੍ਹਾਂ ਨੂੰ ਆਪਸ 'ਚ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਇਕ ਰਾਜ ਦੇ ਵਿਅਕਤੀ ਦੀ ਸਮੱਗਰੀ ਦੂਜੇ ਰਾਜ ਨੂੰ ਵੀ ਉਪਲੱਬਧ ਹੋ ਸਕੇ।

ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਇਤਿਹਾਸ ਅਤੇ ਸੈਰ-ਸਪਾਟੇ ਦੇ ਪੱਖੋਂ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚੋਂ ਇੱਕ ਹੈ। ਇਸ ਲਈ ਇੱਥੇ ਪਹਿਲੀ ਵਾਰ ਅਜਿਹਾ ਸਮਾਗਮ ਕਰਵਾਇਆ ਗਿਆ ਹੈ, ਜਿਸਦਾ ਭਵਿੱਖ ਵਿੱਚ ਵਿਸਥਾਰ ਕੀਤਾ ਜਾਵੇਗਾ।

ਇਸ ਮੌਕੇ ਮੰਤਰਾਲੇ ਦੇ ਸੀਨੀਅਰ ਮੈਨੇਜਰ ਸੰਜੇ ਕੁਮਾਰ ਸ਼ਰਮਾ ਅਤੇ ਮੈਨੇਜਰ ਸੰਜੀਵ ਕੁਮਾਰ ਸ਼ਰਮਾ ਸਮੇਤ ਕਈ ਪਤਵੰਤੇ ਹਾਜ਼ਰ ਸਨ।



### ਸੱਭਿਆਚਾਰਕ ਪ੍ਰੋਗਰਾਮ ਨੇ ਸਾਰਥਕ ਕੀਤਾ ਸੰਦੇਸ਼

ਭਾਰਤ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਜਿਸ ਮੰਤਵ ਨਾਲ ਸ਼ਿਲਪਕਾਰੀ ਸਮਾਗਮ ਕਰਵਾਇਆ ਜਾ ਰਿਹਾ ਹੈ, ਉਸਨੂੰ ਇੱਥੇ ਉਦਘਾਟਨ ਮੌਕੇ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਬੱਚਿਆਂ ਵੱਲੋਂ ਸਾਰਥਕ ਕੀਤਾ ਗਿਆ। ਪ੍ਰਯੋਗ ਫਾਊਂਡੇਸ਼ਨ ਪੰਚਕੂਲਾ ਦੀ ਦੇਖਰੇਖ ਹੇਠ ਚੱਲ ਰਹੇ ਪ੍ਰੋਗਰਾਮ 'ਆਸ਼ਾਵਾਂ ਦੀ ਉਡਾਣ' ਤਹਿਤ ਆਰਥਿਕ ਤੇ ਸਮਾਜਿਕ ਤੌਰ 'ਤੇ ਪਛੜੇ ਬੱਚੇ ਪਹਿਲੀ ਵਾਰ ਅੰਮ੍ਰਿਤਸਰ ਪੁੱਜੇ ਅਤੇ ਇੱਥੇ ਮੰਚ 'ਤੇ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ।

### ਸ਼ਿਲਪ ਮੇਲੇ ਦੇ ਪ੍ਰਮੁੱਖ ਉਤਪਾਦਾਂ 'ਚ ਇਹ ਹਨ ਸ਼ਾਮਲ

ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਭਾਰਤ ਸਰਕਾਰ ਦੇ ਜਨਰਲ ਮੈਨੇਜਰ ਸੁਰੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਮੇਲੇ ਦੇ ਪ੍ਰਮੁੱਖ ਉਤਪਾਦ ਅਸਾਮ ਦੇ ਬੈਂਤ ਅਤੇ ਬਾਂਸ, ਦਸਤਕਾਰੀ ਅਤੇ ਹੈਂਡਲੂਮ ਉਤਪਾਦ, ਬਿਹਾਰ ਦੇ ਹੈਂਡਲੂਮ ਵਰਕ, ਮਧੂਬਨੀ ਚਿੱਤਰਕਾਰੀ, ਦਿੱਲੀ ਦੇ ਕੱਪੜੇ, ਗੁਜਰਾਤ ਦੇ ਡਰੈੱਸ ਮਟੀਰੀਅਲ (ਗੁਜਰਾਤੀ ਕਢਾਈ) ਕੱਛ ਸ਼ਿਲਪ ਮਨਕਿਆਂ ਦੇ ਬਣੇ ਉਤਪਾਦ, ਹਰਿਆਣੇ ਦੇ ਪਹਿਰਾਵੇ ਦੀ ਸਮੱਗਰੀ, ਸਿਲ ਸਿਲਾਏ ਕੱਪੜੇ, ਹਿਮਾਚਲ ਪ੍ਰਦੇਸ਼ ਦੇ ਸ਼ਾਲ, ਸਟਾਲ ਜੈਕਟਾਂ, ਆਰਗੈਨਿਕ ਸ਼ਹਿਦ, ਅਚਾਰ, ਚਾਹ, ਜੰਮੂ-ਕਸ਼ਮੀਰ ਦਾ ਆਰੀ ਵਰਕ, ਸੋਜਨੀ ਵਰਕ, ਕਸ਼ਮੀਰੀ ਸ਼ਾਲ, ਕਰਨਾਟਕ ਤੋਂ ਲੱਕੜ ਦੇ ਖਿਡੌਣੇ, ਅਗਰਬੱਤੀ, ਕੇਰਲਾ ਦੇ ਸਕ੍ਰਿਊਪਿਨ, ਜਲ ਜਲਕੁੰਭੀ ਉਤਪਾਦ, ਮੱਧ ਪ੍ਰਦੇਸ਼ ਦੇ ਪਿੱਤਲ ਦੇ ਉਤਪਾਦ, ਮਹੇਸ਼ਵਰੀ ਚੰਦੇਰੀ, ਬਾਗ ਪ੍ਰਿੰਟਸ, ਸੂਟ, ਡਰੈੱਸ ਸਮੱਗਰੀ, ਸਾੜੀਆਂ ਅਤੇ ਅਚਾਰ, ਮਹਾਰਾਸ਼ਟਰ ਦੇ ਚਮੜੇ ਦੇ ਉਤਪਾਦ, ਹੈਂਡੀਕਰਾਫਟ ਆਈਟਮਾਂ, ਡਰੈੱਸ ਮਟੀਰੀਅਲ, ਪੰਜਾਬ ਦਾ ਫੁਲਕਾਰੀ ਵਰਕ, ਪੰਜਾਬੀ ਜੁੱਤੀਆਂ, ਕੱਪੜਾ ਸਮੱਗਰੀ, ਪੁੱਡੂਚੇਰੀ ਚਮੜੇ ਦੇ ਉਤਪਾਦ, ਲੱਕੜ ਦੇ ਖਿਡੌਣੇ, ਤਿਆਰ ਕੱਪੜੇ, ਟੇਲਰਡ ਕੱਪੜੇ, ਰਾਜਸਥਾਨੀ ਜੁੱਤੀਆਂ, ਚਾਦਰਾਂ, ਅਲਿਕ ਵਰਕ, ਅਚਾਰ, ਖਾਖਰਾ, ਤਾਮਿਲਨਾਡੂ ਦੇ ਕੱਪੜੇ, ਲੱਕੜ ਦੇ ਖਿਡੌਣੇ, ਤ੍ਰਿਪੁਰਾ ਜੂਟ, ਬੈਂਤ ਅਤੇ ਬਾਂਸ ਦੀ ਬਣੀ ਉਦ, ਝਾੜੂ, ਉੱਤਰਾਖੰਡ ਦੇ ਖੇਸ, ਲੋਈ, ਦਰੀ, ਸ਼ਾਲ, ਕੱਪੜੇ, ਜੈਕਟਾਂ, ਕੁੜਤੇ ਅਤੇ ਕਮੀਜ਼ਾਂ, ਉੱਤਰ ਪ੍ਰਦੇਸ਼ ਤੋਂ ਲੱਕੜ ਦੀ ਨੱਕਾਸ਼ੀ, ਫੈਬਰਿਕ ਵਰਕ, ਸਾਫਟ ਖਿਡੌਣੇ, ਚਿਕਨ ਵਰਕ, ਬਨਾਰਸੀ ਸਾੜੀਆਂ, ਪੱਛਮੀ ਬੰਗਾਲ ਦੇ ਕਾਂਥਾ ਸਟਿੱਚਜ ਅਤੇ ਕੱਟ ਵਰਕ ਡਰੈਸ ਮਟੀਰੀਅਲ ਸਾੜੀਆਂ ਆਦਿ ਉਪਲੱਬਧ ਹੋਣਗੇ।

# ਜ਼ਿੰਦਗੀ ਨੂੰ ਸੁਰੱਖਿਅਤ ਖੁਸ਼ਹਾਲ ਬਣਾਉਣ ਲਈ ਬੱਚਿਆਂ ਨੂੰ ਜਾਗਰੂਕ ਕਰਨਾ ਜ਼ਰੂਰੀ : ਪ੍ਰਿੰਸੀਪਲ ਮੰਜੂ ਗਰਗ




**ਪਟਿਆਲਾ,/-ਰੋਜ਼ਾਨਾ ਸਵੇਰਾ-**

ਤਿਉਹਾਰ ਅਤੇ ਖੁਸ਼ੀਆਂ ਆਪਣੇ ਘਰ ਪਰਿਵਾਰਾਂ ਵਿਖੇ ਚੰਗੀ ਸਿਹਤ ਤਦੰਰੁਸਤੀ ਸੁਰੱਖਿਆ ਸਨਮਾਨ ਨਾਲ ਮਨਾਇਆ ਜਾਵੇ ਤਾਂ ਅਨੰਦ ਸਤੁੰਸ਼ਟੀ ਮਿਲਦੇ ਹਨ ਪਰ ਬੱਚਿਆ ਨੂੰ ਭਟਕਣ, ਨਸ਼ਿਆਂ, ਅਪਰਾਧਾਂ, ਮਾੜੇ ਅਨਸਰਾਂ, ਬਿਮਾਰੀਆਂ ਹਾਦਸਿਆਂ, ਫੈਸ਼ਨਾਂ ਸੰਵਾਦਾਂ ਅਤੇ ਵਿਦੇਸ਼ਾਂ ਵਿੱਚ ਜਾਣ ਤੋਂ ਬਚਾਉਣ ਲਈ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਘਰ ਪਰਿਵਾਰਾਂ ਮਾਪਿਆਂ ਬਜ਼ੁਰਗਾਂ ਮਾਤ੍ਰ ਭੂਮੀ ਦਾ ਪ੍ਰੇਮੀ ਅਤੇ ਵਫ਼ਾਦਾਰ ਬਣਾਉਣਾ ਜ਼ਰੂਰੀ ਹੈ ਜਿਸ ਹਿੱਤ ਬੱਚਿਆਂ ਨੂੰ ਤਿਉਹਾਰਾਂ ਦੀ ਮਹੱਤਤਾ ਦੱਸੀ ਗਈ ਅਤੇ ਯੁੱਥ ਦੀਆਂ ਸ਼ਕਤੀਆਂ ਤਾਕਤ ਸੰਸਕਾਰਾਂ ਮਰਿਆਦਾਵਾਂ ਫਰਜ਼ਾਂ ਅਤੇ ਸਵਾਮੀ ਵਿਵੇਕਾਨੰਦ ਜੀ, ਡਾਕਟਰ ਏ ਪੀ ਜੇ ਅਬਦੁਲ ਕਲਾਮ ਸਾਹਿਬ ਅਤੇ ਦੂਸਰੀਆਂ ਮਹਾਨ ਸ਼ਖ਼ਸੀਅਤਾਂ ਦੀਆਂ ਮਹਾਨ ਕੋਸ਼ਿਸ਼ਾਂ, ਸਖ਼ਤ ਮਿਹਨਤ, ਇਮਾਨਦਾਰੀ, ਵਫ਼ਾਦਾਰੀਆ, ਰਾਸ਼ਟਰ ਪ੍ਰੇਮ ਅਤੇ ਉਜਵੱਲ ਭਵਿੱਖ ਬਾਰੇ ਜਾਗਰੂਕ ਕਰਨਾ ਅਤੇ ਅਗਵਾਈ ਦੇਣਾ ਬਹੁਤ ਜ਼ਰੂਰੀ ਹੈ। ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ, ਗਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਨੇ ਸਕੂਲ ਵਿਖੇ ਮਨਾਈ ਲੋਹੜੀ ਅਤੇ ਸਵਾਮੀ ਵਿਵੇਕਾਨੰਦ ਜੀ ਦੇ ਜਨਮ ਦਿਹਾੜੇ ਮੌਕੇ ਪ੍ਰਗਟ ਕੀਤੇ। ਇਸ ਮੌਕੇ ਸ੍ਰੀ ਕਾਕਾ ਰਾਮ ਵਰਮਾ ਚੀਫ਼ ਟ੍ਰੇਨਰ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ? ਅਤੇ ਰੈੱਡ ਕਰਾਸ ਦੇ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਨੇ ਵਿਦਿਆਰਥੀਆਂ ਨੂੰ ਨੌਜਵਾਨਾਂ ਦੇ ਆਪਣੇ ਘਰ ਪਰਿਵਾਰਾਂ ਮਾਪਿਆਂ ਬਜ਼ੁਰਗਾਂ ਦੇਸ਼ ਅਤੇ ਸਮਾਜ ਪ੍ਰਤੀ ਜ਼ੁਮੇਵਾਰੀਆਂ ਫਰਜ਼ਾਂ ਬਾਰੇ ਦੱਸਿਆ ਕਿ ਬਚਪਨ ਅਤੇ ਜਵਾਨੀ ਵਿੱਚ ਕੀਤੀ ਸਖ਼ਤ ਮਹਿਨਤ, ਮਾਪਿਆਂ, ਅਧਿਆਪਕਾਂ, ਗੁਰੂਆਂ ਅਤੇ ਅਵਤਾਰਾਂ ਦੇ ਆਚਰਨਾਂ ਸਿਧਾਂਤਾਂ ਵਫ਼ਾਦਾਰੀਆਂ ਜ਼ੁਮੇਵਾਰੀਆਂ ਸਹਿਣਸ਼ੀਲਤਾ ਨਿਮਰਤਾ ਪ੍ਰੇਮ ਹਮਦਰਦੀ ਸਬਰ ਸ਼ਾਂਤੀ ਦੇ ਆਦਰਸ਼ਾਂ ਨੂੰ ਅਪਣਾਕੇ ਆਪਣੇ ਜੀਵਨ ਦੇ ਨਾਲ ਨਾਲ ਮਾਪਿਆਂ ਬਜ਼ੁਰਗਾਂ ਨੂੰ ਖੁਸ਼ਹਾਲ ਸੁਰੱਖਿਅਤ ਉਨਤ ਕੀਤਾ ਜਾ ਸਕਦਾ ਹੈ । ਉਨ੍ਹਾਂ ਨੇ ਬੱਚਿਆਂ ਨੂੰ ਸਵਾਮੀ ਵਿਵੇਕਾਨੰਦ ਜੀ, ਭਾਰਤ ਰਤਨ ਡਾਕਟਰ ਏ ਪੀ ਜੇ ਅਬਦੁਲ ਕਲਾਮ ਸਾਹਿਬ, ਭਾਰਤ ਰਤਨ ਡਾਕਟਰ ਬੀ ਆਰ ਅੰਬੇਡਕਰ ਅਤੇ ਦੂਸਰੀਆਂ ਮਹਾਨ ਸ਼ਖ਼ਸੀਅਤਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਨਿਯਮਾਂ, ਕਾਨੂੰਨਾਂ, ਸੰਸਕਾਰਾਂ, ਮਰਿਆਦਾਵਾਂ, ਫਰਜ਼ਾਂ, ਸਖ਼ਤ ਮਿਹਨਤ ਇਮਾਨਦਾਰੀ ਅਤੇ ਵਫ਼ਾਦਾਰੀਆਂ ਦੇ ਅਸੂਲਾਂ ਨੂੰ ਅਪਨਾਕੇ ਆਪਣੇ ਜੀਵਨ ਅਤੇ ਪਰਿਵਾਰਕ ਮੈਂਬਰਾਂ ਨੂੰ ਖੁਸ਼ਹਾਲ ਸੁਰੱਖਿਅਤ ਸਿਹਤਮੰਦ ਉਨਤ ਕਰੋਂ। ਅਤੇ ਗਲਤੀਆਂ ਲਾਪਰਵਾਹੀਆਂ ਆਕੜ ਹੰਕਾਰ ਗੁੱਸੇ ਅਤੇ ਲਾਲਚਾਂ ਵਿਚ ਫਸਕੇ ਨੌਜਵਾਨ ਆਪਣਾ ਅਤੇ ਮਾਪਿਆਂ ਦੇ ਜੀਵਨ ਸਨਮਾਨ ਖੁਸ਼ੀਆਂ ਇੱਜ਼ਤ ਨੂੰ ਬਰਬਾਦ ਨਾ ਕੀਤਾ ਜਾਵੇ। ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਨੇ ਦੱਸਿਆ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਸੰਸਕਾਰਾਂ, ਮਰਿਆਦਾਵਾਂ, ਫਰਜ਼ਾਂ ਵਫ਼ਾਦਾਰੀਆਂ ਸਖ਼ਤ ਮਹਿਨਤ ਇਮਾਨਦਾਰੀ ਬਾਰੇ ਵੀ ਜਾਗਰੂਕ ਕਰਕੇ ਅਸੀਂ ਦੇਸ਼ ਸਮਾਜ ਘਰ ਪਰਿਵਾਰਾਂ ਅਤੇ ਬੱਚਿਆਂ ਦੇ ਭਵਿੱਖ ਨੂੰ ਉਜਵੱਲ ਬਣਾ ਸਕਦੇ ਹਾਂ।

# ਵੀਸੀ ਵੱਲੋਂ ਉਚੇਰੀ ਸਿੱਖਿਆ ਮੰਤਰੀ ਨਾਲ ਮੁਲਾਕਾਤ

**ਪਟਿਆਲਾ, -ਰੋਜ਼ਾਨਾ ਸਵੇਰਾ-**



ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ਼ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿੱਚ ਮੁਲਾਕਾਤ ਕੀਤੀ ਗਈ। ਇਸ ਦੌਰਾਨ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਤੇ ਹੋਰ ਕਾਰਜਾਂ ਬਾਰੇ ਚਰਚਾ ਕੀਤੀ ਗਈ। ਦੋ ਮਹੀਨਿਆਂ ਦੌਰਾਨ ਯਨੀਵਰਸਿਟੀ ਵਿੱਚ 'ਨੌਰਥ ਜ਼ੋਨ ਯੂਥ ਫੈਸਟੀਵਲ' ਅਤੇ 'ਸੀ.ਈ.ਸੀ.-ਯੂ.ਜੀ.ਸੀ. ਐਜੂਕੇਸ਼ਨਲ ਫ਼ਿਲਮ ਫ਼ੈਸਟੀਵਲ' ਉੱਤੇ ਆਧਾਰਤ ਹੋਣ ਵਾਲੇ ਵੱਡੇ ਸਮਾਗਮਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਮੰਤਰੀ ਵੱਲੋਂ ਯੂਨੀਵਰਸਿਟੀ ਵੱਲੋਂ ਆਪਣਾ ਨੈਕ ਦਾ ਗਰੇਡ ਪਹਿਲਾਂ ਦੇ ਮਾਮਲੇ ਬਿਹਤਰ ਕਰਨ ਦੇ ਮਾਮਲੇ 'ਤੇ ਵੀ ਤਸੱਲੀ ਪ੍ਰਗਟਾਈ । ਦਾਖਲਿਆਂ ਵਿੱਚ ਹੋਏ 10 ਫ਼ੀਸਦੀ ਵਾਧੇ, ਸ਼ੁਰੂ ਕੀਤੇ ਗਏ ਛੇ ਨਵੇਂ ਪੰਜ ਸਾਲਾ ਏਕੀਕ੍ਰਿਤ ਕੋਰਸਾਂ ਪ੍ਰਤੀ ਵਿਦਿਆਰਥੀਆਂ ਦਾ ਉਤਸ਼ਾਹ ਬਾਰੇ ਵੀ ਗੱਲਬਾਤ ਹੋਈ। ਵੀ.ਸੀ ਨੇ ਮੰਤਰੀ ਨੂੰ ਇਹ ਵੀ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਭਾਰਤ ਅਤੇ ਪੰਜਾਬ ਸਰਕਾਰ ਦੀਆਂ ਏਜੰਸੀਆਂ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਪ੍ਰਾਜੈਕਟ ਯੂਨੀਵਰਸਿਟੀ ਵਿੱਚ ਲਿਆਂਦੇ ਗਏ ਹਨ ਅਤੇ ਕੇਂਦਰੀ ਗ੍ਰਾਂਟਾਂ ਦੀ ਮੰਗ ਕੀਤੀ ਗਈ ਹੈ।

# ਸਵੱਛਤਾ ਸਰਵੇਖਣ ਸ.ਫ਼ਾਈ ਦੇ ਮਾਮਲੇ 'ਚ 'ਸ਼ਾਹੀ' ਸ਼ਹਿਰ ਪਛੜਿਆ

**ਪਟਿਆਲਾ, -ਰੋਜ਼ਾਨਾ ਸਵੇਰਾ-**

ਦੇਸ਼ ਭਰ ਵਿੱਚ 1 ਤੋਂ 10 ਲੱਖ ਤੱਕ ਦੀ ਆਬਾਦੀ ਵਾਲੇ ਸ਼ਹਿਰਾਂ ਵਿੱਚ ਸਵੱਛਤਾ 'ਤੇ ਆਧਾਰਤ ਹੋਏ 'ਸਵੱਛ ਸਰਵੇਖਣ-2023' ਦੇ ਨਤੀਜੇ ਕੇਂਦਰ ਸਰਕਾਰ ਵੱਲੋਂ ਜਾਰੀ ਕਰ ਦਿੱਤੇ ਗਏ ਹਨ। ਇਸ ਦੌਰਾਨ ਸ਼ਾਹੀ ਸ਼ਹਿਰ ਪਟਿਆਲਾ ਐਤਕੀ ਵੀ ਦੇਸ਼ ਦੇ ਸਭ ਤੋਂ ਵੱਧ ਸਾਫ਼-ਸੁਥਰੇ ਮੰਨੇ ਜਾਣ ਵਾਲ਼ੇ ਪਹਿਲੇ 100 ਸ਼ਹਿਰਾਂ ਵਿੱਚ ਥਾਂ ਨਹੀਂ ਬਣਾ ਸਕਿਆ। ਬਲਕਿ ਆਲ ਇੰਡੀਆ ਰੈਂਕਿੰਗ 'ਚ ਤਾਂ ਪਿਛਲੇ ਸਾਲ ਦੇ ਮੁਕਾਬਲੇ ਐਤਕੀ ਤਿੰਨ ਰੈਂਕ ਪਿਛਾਂਹ ਨੂੰ ਖਿਸਕ ਕੇ 120ਵੇਂ ਸਥਾਨ 'ਤੇ ਚਲਾ ਗਿਆ ਹੈ। ਪਿਛਲੇ ਸਾਲ ਪਟਿਆਲਾ ਦਾ 117ਵਾਂ ਰੈਂਕ ਸੀ। ਉਂਜ ਸੂਬਾਈ ਰੈਂਕਿੰਗ ਵਿੱਚ ਬਾਗ਼ਾਂ ਦੇ ਇਸ ਸ਼ਹਿਰ ਪਟਿਆਲਾ ਨੇ ਇੱਕ ਰੈਂਕ ਦੀ ਪਲਾਂਘ ਪੁੱਟੀ ਹੈ ਜਿਸ ਦੌਰਾਨ ਸਾਫ਼ ਸੁਥਰੇ ਸ਼ਹਿਰ ਵਜੋਂ ਪਟਿਆਲਾ ਨੇ ਐਤਕੀ ਸੂਬੇ ਵਿੱਚੋਂ ਤੀਜਾ ਸਥਾਨ ਪਾਇਆ ਹੈ ਜਦਕਿ ਪਿਛਲੇ ਸਾਲ ਚੌਥਾ ਸਥਾਨ ਸੀ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਹਰ ਸਾਲ ਇੱਕ ਤੋਂ ਦਸ ਲੱਖ ਤੱਕ ਦੀ ਆਬਾਦੀ ਵਾਲ਼ੇ ਸ਼ਹਿਰਾਂ 'ਚ ਸਾਫ਼ ਸਫਾਈ ਸਬੰਧੀ ਸਰਵੇਖਣ ਕਰਕੇ ਰੈਂਕਿੰਗ ਕੀਤੀ ਜਾਂਦੀ ਹੈ। ਇਸੇ ਕੜੀ ਵਜੋਂ 2018 ਵਿੱਚ ਬਾਗ਼ਾਂ ਅਤੇ ਰਾਜੇ ਮਾਹਾਰਾਜਿਆਂ ਦੇ ਸ਼ਹਿਰਾਂ ਵਜੋਂ ਜਾਣਿਆ ਜਾਂਦਾ ਪਟਿਆਲਾ ਦਾ ਦੇਸ਼ ਭਰ ਵਿੱਚੋਂ 183ਵਾਂ ਰੈਂਕ ਸੀ ਪਰ 2019 ਵਿਚਲੇ ਸਵੱਛਤਾ ਸਰਵੇਖਣ ਦੌਰਾਨ 4237 ਸ਼ਹਿਰਾਂ ਵਿੱਚੋਂ 72ਵਾਂ ਸਥਾਨ ਹਾਸਲ ਕਰਕੇ ਵੱਡੀ ਪ੍ਰਾਪਤੀ ਕੀਤੀ। ਫੇਰ 2020 'ਚ ਅਜਿਹੇ ਮੁਕਾਬਲੇ 'ਚ ਸ਼ਾਮਲ ਦੇਸ ਭਰ ਦੇ 4300 ਸ਼ਹਿਰਾਂ ਵਿੱਚੋਂ ਪਟਿਆਲਾ ਨੂੰ 86ਵਾਂ ਰੈਂਕ ਮਿਲਿਆ ਪਰ ਸਵੱਛਤਾ ਦੇ ਪੱਖ ਤੋਂ ਹੁਣ ਪਟਿਆਲਾ ਇਸ ਕਦਰ ਪਛੜ ਗਿਆ ਕਿ ਐਤਕੀ ਇਸ ਨੂੰ 120ਵੇਂ ਸਥਾਨ 'ਤੇ ਰੱਖਿਆ ਗਿਆ ਹੈ।


ਛੋਟੀ ਬਾਰਾਂਦਰੀ ਸਥਿਤ ਬੇਅੰਤ ਸਿੰਘ ਯਾਦਗਾਰੀ ਕੰਪਲੈਕਸ ਵਿੱਚ ਪਿਆ ਕੂੜਾ।

ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਕੂੜਾ ਇਕੱਠਾ, ਰੀਸਾਈਕਲਿੰਗ ਤੇ ਪ੍ਰੋਸੈਸਿੰਗ ਕਰਨ ਸਮੇਤ ਵੇਚਣ ਦਾ ਕੰਮ ਸ਼ੁਰੂ ਕਰਨ ਲਈ ਬਣਾਏ ਗਏ 6 ਮੈਟੀਰੀਅਲ ਰਿਕਵਰੀ ਫੈਸਿਲਿਟੀ ਕੇਂਦਰਾਂ ਵਿੱਚੋਂ 5 ਸੁਚਾਰੂ ਢੰਗ ਨਾਲ ਨਹੀਂ ਚਲਾਏ ਜਾ ਸਕੇ। ਘਰਾਂ ਅਤੇ ਦੁਕਾਨਾਂ ਤੋਂ ਡੋਰ-ਟੂ-ਡੋਰ ਕੂੜਾ ਇਕੱਠਾ ਕੀਤੇ ਜਾਣ ਦਾ ਟੀਚਾ ਵੀ ਮੁਕੰਮਲ ਨਹੀਂ ਕੀਤਾ ਜਾ ਸਕਿਆ। ਰਿਹਾਇਸ਼ੀ ਤੇ ਵਪਾਰਕ ਖੇਤਰਾਂ ਵਿੱਚ 50 ਤੋਂ 100 ਮੀਟਰ ਤੱਕ ਰੱਖੇ ਜਾਣ ਵਾਲ਼ੇ ਡਸਟਬਿਨ ਵੀ ਨਜ਼ਰ ਨਹੀਂ ਆਏ। ਵਪਾਰਕ ਤੇ ਉਦਯੋਗਿਕ ਖੇਤਰਾਂ ਵਿੱਚੋਂ ਕੂੜਾ ਇਕੱਠਾ ਕਰਨ ਲਈ ਦਰਾਂ ਤੈਅ ਕਰ ਕੇ ਇੱਕ ਕੰਪਨੀ ਨੂੰ ਸੌਂਪੀ ਗਈ ਜ਼ਿੰਮੇਵਾਰੀ ਵੀ ਪੂਰੀ ਤਰ੍ਹਾਂ ਨਹੀਂ ਨਿਭਾਈ ਜਾ ਸਕੀ। ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਲਾਉਣ, ਬਰਸਾਤੀ ਪਾਣੀ ਅਤੇ ਡਰੇਨ ਦੇ ਪਾਣੀ ਦੀ ਨਿਕਾਸੀ ਲਈ ਢੁਕਵੇਂ ਪ੍ਰਬੰਧ ਕਰਨ ਅਤੇ ਵਪਾਰਕ ਕੂੜੇ ਦਾ ਨਿਪਟਾਰਾ, ਖੁੱਲ੍ਹੇ ਵਿੱਚ ਕੂੜਾ ਸੁੱਟਣ 'ਤੇ ਰੋਕਥਾਮ, ਹੱਡਾ ਰੋੜੀ ਲਈ ਢੁਕਵੀਂ ਥਾਂ ਯਕੀਨੀ ਨਹੀਂ ਬਣਾਈ ਜਾ ਸਕੀ। 37 ਥਾਈਂ 106 ਜ਼ਮੀਨਦੋਜ਼ ਕੂੜਾਦਾਨ ਤਿਆਰ ਕਰਨ ਦਾ ਦਾਅਵਾ ਵੀ ਹਵਾ ਹੋ ਗਿਆ।

ਇਸ ਹਾਲਾਤ 'ਤੇ ਟਿੱਪਣੀ ਕਰਦਿਆਂ ਪਟਿਆਲਾ ਦੇ ਸਾਬਕਾ ਅਕਾਲੀ ਮੇਅਰ ਅਮਰਿੰਦਰ ਬਜਾਜ ਅਤੇ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਇੰਦਰਮੋਹਣ ਸਿੰਘ ਬਜਾਜ ਨੇ ਸਾਫ਼ ਸਫਾਈ ਦੇ ਪੱਖ ਤੋਂ ਪਟਿਆਲਾ ਦੀ ਅਜਿਹੀ ਪਤਲੀ ਹਾਲਤ ਲਈ ਪਿਛਲੀ ਕਾਂਗਰਸ ਸਰਕਾਰ ਅਤੇ ਮੌਕੇ ਦੇ ਹਾਕਮਾਂ ਦੇ ਚਹੇਤਿਆਂ ਦੀ ਮਾੜੀ ਕਾਰਗੁਜ਼ਾਰੀ ਨੂੰ ਜਿੰਮੇਵਾਰ ਦੱਸਿਆ ਹੈ।

# ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਸ਼੍ਰੀ ਮਾਛੀਵਾੜਾ ਸਾਹਿਬ ਵਿਖੇ ਲੜਕੀਆਂ ਦੀ ਲੋਹੜੀ ਮਨਾਈ

**ਮਾਛੀਵਾੜਾ ਸਾਹਿਬ, -ਰੋਜ਼ਾਨਾ ਸਵੇਰਾ-**

ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਸ਼੍ਰੀ ਮਾਛੀਵਾੜਾ ਸਾਹਿਬ ਵਿਖੇ ਲੜਕੀਆਂ ਦੀ ਲੋਹੜੀ ਬੜੀ ਧੂਮਧਾਮ ਅਤੇ ਧੂਮਧਾਮ ਨਾਲ ਮਨਾਈ ਗਈ। ਕੈਂਪਸ ਵਿੱਚ ਮਾਹੌਲ ਖੁਸ਼ਗਵਾਰ ਸੀ ਅਤੇ ਸਰੋਤੇ ਲੋਹੜੀ ਦੇ ਤਿਉਹਾਰ ਦੀ ਭਾਵਨਾ ਵਿੱਚ ਪੂਰੀ ਤਰ੍ਹਾਂ ਲੀਨ ਸਨ।

ਇਸ ਦਿਨ ਸਕੂਲ ਨੇ ਨਵ-ਜੰਮੀਆਂ ਬੱਚੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਨਮਾਨਿਤ ਕਰਨ ਲਈ ਸੱਦਾ ਦਿੱਤਾ ਹੈ। ਨਵ-ਜੰਮੀਆਂ ਬੱਚੀਆਂ ਵੱਲੋਂ ਪਵਿੱਤਰ ਅੱਗ ਬਾਲੀ ਗਈ।

ਇਸ ਮੌਕੇ ਚੇਅਰਮੈਨ ਸ੍ਰੀ ਵਿਕਰਮ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੜਕੀਆਂ ਮਾਤਾ-ਪਿਤਾ ਅਤੇ ਦੇਸ਼ ਲਈ ਸਭ ਤੋਂ ਉੱਤਮ ਤੋਹਫ਼ਾ ਹਨ। ਲੜਕੀਆਂ ਵਿੱਚ ਸਮਾਜ ਅਤੇ ਦੇਸ਼ ਨੂੰ ਖੁਸ਼ਹਾਲ ਬਣਾਉਣ ਦੀ ਸਮਰੱਥਾ ਹੈ, ਸਾਨੂੰ ਸਿਰਫ਼ ਉਨ੍ਹਾਂ ਨੂੰ ਖੰਭ ਦੇਣ ਅਤੇ ਉਨ੍ਹਾਂ ਦਾ ਸਤਿਕਾਰ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ, ਸਕੂਲ ਦੇ ਚੇਅਰਮੈਨ ਵਿਕਰਮ ਸ਼ਰਮਾ ਨੂੰ ਵੀ ਪੋਤੀ ਦੀ ਬਖ਼ਸ਼ਿਸ਼ ਹੋਈ ਹੈ ਅਤੇ ਉਨ੍ਹਾਂ ਨੇ ਆਪਣੀ ਪੋਤੀ ਧਰਵੀ ਸ਼ਰਮਾ ਦੀ ਪਹਿਲੀ ਲੋਹੜੀ ਬੜੇ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਈ।



ਲੋਹੜੀ ਸਮਾਗਮ ਮੌਕੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਨਵਜੰਮੀ ਬੱਚੀ ਧਾਰਵੀ ਸ਼ਰਮਾ ਨੂੰ ਅਸ਼ੀਰਵਾਦ ਦਿੱਤਾ । ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੜਕੀਆਂ ਸਮਾਜ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ 'ਆਪ' ਸਰਕਾਰ ਸਮਾਜ ਵਿੱਚ ਲੜਕੀਆਂ ਦੀ ਭਾਗੀਦਾਰੀ ਨੂੰ ਉੱਚਾ ਚੁੱਕਣ ਲਈ ਅਣਥੱਕ ਮਿਹਨਤ ਕਰ ਰਹੀ ਹੈ।

ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪੰਜਾਬ ਦੇ ਅਮੀਰ ਸੱਭਿਆਚਾਰਕ ਲੋਕ ਗੀਤਾਂ ਵਿੱਚ ਡੁੱਬੇ ਲੋਕ ਗੀਤ ਗਾਏ। ਸਕੂਲ ਦੇ ਪ੍ਰਿੰਸੀਪਲ ਰਜਤ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਦੀ ਕਦਰ ਕਰਨ ਲਈ ਪ੍ਰੇਰਿਤ ਕੀਤਾ ਅਤੇ ਅਜੋਕੇ ਸਮੇਂ ਵਿੱਚ ਸਿੱਖਿਆ ਦੀ ਵਿਸ਼ੇਸ਼ ਮਹੱਤਤਾ ਬਾਰੇ ਜਾਣੂ ਕਰਵਾਇਆ। ਬੱਚਿਆਂ ਨੇ ਪਵਿੱਤਰ ਅੱਗ ਦੇ ਆਲੇ ਦੁਆਲੇ ਨੱਚਦੇ ਹੋਏ ਖੁਸ਼ੀ ਦਾ ਸਮਾਂ ਬਤੀਤ ਕੀਤਾ। ਵਿਦਿਆਰਥੀਆਂ ਵਿੱਚ ਰਵਾਇਤੀ ਪਕਵਾਨ ਵੀ ਵੰਡੇ ਗਏ।

ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸ਼ਾਰਦਾ ਸ਼ਰਮਾ, ਮ੍ਰਿਦੂਲਾ ਸ਼ਰਮਾ, ਸ਼ੁਭਮ ਸ਼ਰਮਾ, ਨਵਜੋਤ ਕੌਰ, ਮੀਨਾਕਸ਼ੀ, ਦੁਰਗੇਸ਼ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਮੋਦੀ ਦੇ ਤੀਜੇ ਕਾਰਜਕਾਲ ਦੌਰਾਨ, ਭਾਰਤ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ: ਸ਼ਾਹ

**ਜਲੰਧਰ, -ਰੋਜ਼ਾਨਾ ਸਵੇਰਾ-**

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਗੁਜਰਾਤ ਵਿੱਚ 'ਵਾਈਬ੍ਰੈਂਟ ਗੁਜਰਾਤ ਸਮਿਟ' ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕੀਤਾ। ਇਸ ਮੌਕੇ ਸ਼ਾਹ ਨੇ ਭਰੋਸਾ ਪ੍ਰਗਟਾਇਆ ਕਿ 'ਮੋਦੀ ਜੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਦੌਰਾਨ ਭਾਰਤ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਕੇ ਦੁਨੀਆ ਦੇ ਸਾਹਮਣੇ ਮਾਣ ਨਾਲ ਖੜ੍ਹਾ ਹੋਵੇਗਾ।' ਦੋ ਦਹਾਕੇ ਪਹਿਲਾਂ ਮੋਦੀ ਜੀ ਨੇ 'ਵਾਈਬ੍ਰੈਂਟ ਗੁਜਰਾਤ' ਦੀ ਕਲਪਨਾ ਕੀਤੀ ਸੀ। ਮੋਦੀ-ਸ਼ਾਹ ਦੀ ਜੋੜੀ ਗੁਜਰਾਤ ਵਿੱਚ ਰਹੀ ਅਤੇ ਗੁਜਰਾਤ ਮਾਡਲ ਨੂੰ ਵਿਕਸਤ ਕਰਨ ਲਈ ਕੰਮ ਕੀਤਾ।



ਗੁਜਰਾਤ ਮਾਡਲ ਨੂੰ ਦੇਖਦੇ ਹੋਏ ਦੇਸ਼ ਦੀ ਜਨਤਾ ਨੇ ਪੂਰੇ ਦੇਸ਼ ਦੀ ਅਗਵਾਈ ਮੋਦੀ ਜੀ ਨੂੰ ਸੌਂਪ ਦਿੱਤੀ ਹੈ। ਇਸ ਸਮੇਂ ਮੋਦੀ ਜੀ ਪ੍ਰਧਾਨ ਮੰਤਰੀ ਹਨ ਅਤੇ ਅਮਿਤ ਸ਼ਾਹ ਕੇਂਦਰੀ ਗ੍ਰਹਿ ਮੰਤਰੀ ਦਾ ਚਾਰਜ ਬਹੁਤ ਵਧੀਆ ਢੰਗ ਨਾਲ ਸੰਭਾਲ ਰਹੇ ਹਨ। ਨਤੀਜੇ ਵਜੋਂ ਦੇਸ਼ ਦੇ ਕਈ ਰਾਜਾਂ ਨੇ ਉਦਯੋਗਿਕ ਵਿਕਾਸ ਲਈ ਵਾਈਬ੍ਰੈਂਟ ਗੁਜਰਾਤ ਦੇ ਮਾਡਲ ਨੂੰ ਅਪਣਾਇਆ ਹੈ। ਮੋਦੀ ਜੀ ਨੇ ਗੁਜਰਾਤ ਨੂੰ ਨੀਤੀਗਤ ਰਾਜ ਬਣਾਇਆ, ਅੱਜ ਦੁਨੀਆ ਭਰ ਦੇ ਨਿਵੇਸ਼ਕ ਮੋਦੀ ਜੀ ਦੀਆਂ ਨੀਤੀਆਂ ਤੋਂ ਆਕਰਸ਼ਿਤ ਹੋ ਕੇ ਗੁਜਰਾਤ ਵਿੱਚ ਨਿਵੇਸ਼ ਕਰ ਰਹੇ ਹਨ। ਇਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ ਕਿ ਜਦੋਂ ਮੋਦੀ ਜੀ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਤਾਂ ਭਾਰਤ ਦੀ ਅਰਥਵਿਵਸਥਾ ਵਿਸ਼ਵ ਟੇਬਲ ਵਿੱਚ 11ਵੇਂ ਨੰਬਰ 'ਤੇ ਸੀ ਅਤੇ ਅੱਜ ਸਿਰਫ਼ ਇੱਕ ਦਹਾਕੇ ਦੇ ਅੰਦਰ ਹੀ ਸ. ਭਾਰਤ 5ਵੇਂ ਨੰਬਰ 'ਤੇ ਹੈ।

# ਪ੍ਰਤਾਪ ਨਗਰ ਸ਼ਿਵ ਮੰਦਰ ਵਿੱਚ ਸ਼੍ਰੀ ਹਨੂਮਾਨ ਭਜਨ ਸੰਧਿਆ ਦੌਰਾਨ ਪੂਜਾ ਕੀਤੇ ਅਕਸ਼ਤ ਵੰਡੇ

## ਗੁਰਦਰਸ਼ਨ ਨਗਰ, ਮਜੀਠੀਆ ਇੰਕਲੇਵ ਵਿੱਚ ਰਾਮ ਭਗਤਾਂ ਨੇ ਘਰ ਘਰ ਜਾ ਕੇ ਦਿੱਤਾ

**ਪਟਿਆਲਾ, -ਰੋਜ਼ਾਨਾ ਸਵੇਰਾ-**

ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਨਿਆਸ, ਅਯੁੱਧਿਆ ਦੇ ਸੱਦੇ 'ਤੇ ਸ਼ਿਵ ਮੰਦਰ ਪ੍ਰਤਾਪ ਨਗਰ, ਪਟਿਆਲਾ ਵਿਖੇ ਦੂਜੀ ਸ੍ਰੀ ਹਨੂਮਾਨ ਭਜਨ ਸੰਧਿਆ ਦਾ ਆਯੋਜਨ ਕੀਤਾ ਜਿਸ ਵਿੱਚ ਸੈਂਕੜੇ ਰਾਮ ਭਗਤਾਂ ਨੇ ਸਮੂਹਿਕ ਤੌਰ ਤੇ ਰਾਮ ਭਗਤ ਹਨੂਮਾਨ ਜੀ ਅਤੇ ਭਗਵਾਨ ਸ਼੍ਰੀ ਰਾਮ ਦਾ ਭਜਨਾ ਨਾਲ ਗੁਣਗਾਨ ਕੀਤਾ। ਇਸ ਮੌਕੇ ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਸ਼੍ਰੀ ਗੋਬਿੰਦ ਰਾਮ ਸੇਠ, ਡਾ. ਸੁਭਾਸ਼ ਸ਼ਰਮਾ ਅਤੇ ਸ਼੍ਰੀ ਸ਼ਿਆਮ ਚਾਕਰੀ ਫਾਊਂਡੇਸ਼ਨ ਦੇ ਪ੍ਰਧਾਨ ਅਨੁਰਾਗ ਅੱਤਰੀ, ਖਜ਼ਾਨਚੀ ਰਵੀ ਗੋਇਲ, ਪ੍ਰਤਾਪ ਨਗਰ ਖੇਤਰ ਦੇ ਕਨਵੀਨਰ ਅਨਿਲ ਕੁਮਾਰ ਭਾਰਤੀ, ਸਮਾਜ ਸੇਵੀ ਇੰਦਰਾਣੀ ਸ਼ੁਕਲਾ ਨੇ ਦੱਸਿਆ ਕਿ ਅੱਜ ਦੀ ਇਸ ਸ਼੍ਰੀ ਹਨੂਮਾਨ ਸੰਧਿਆ ਵਿੱਚ 251 ਸ਼੍ਰੀ ਰਾਮ ਭਗਤਾਂ ਨੂੰ ਸ਼੍ਰੀ ਅਯੋਧਿਆ ਜੀ ਤੋਂ ਆਏ ਪੂਜਿਤ ਅਕਸ਼ਤ ਅਤੇ ਭਗਵਾਨ ਸ਼੍ਰੀ ਰਾਮ ਚੰਦਰ ਜੀ ਵੱਲੋਂ ਅਯੋਧਿਆ ਆਉਣ ਲਈ ਨਿੰਘਾ ਸੱਦਾ ਪੱਤਰ ਭੇਂਟ ਕੀਤਾ ਗਿਆ।ਇਸ ਮੌਕੇ ਤੇ ਸੂਬੇਦਾਰ ਰਾਮ ਸ਼ਰਨ ਦੱਸ ਸ਼ਰਮਾ, ਬਾਲ ਕ੍ਰਿਸ਼ਨ ਗਰਗ, ਏ ਐੱਲ ਚਾਵਲਾ,ਰਾਜ ਕੁਮਾਰ ਗੋਇਲ,ਰਾਜੇਸ਼ ਸ਼ਰਮਾ, ਅਜੇ ਰਾਵ, ਦੇਵੇਂਦਰ ਕੁਮਾਰ, ਵਰਿੰਦਰ ਸ਼ਰਮਾ, ਪੰਡਤ ਰੇਵਤ ਰਾਮ ਧਿਆਨੀ ਜੀ ਦੇ ਨਾਲ ਨਾਲ ਗੌਰੀ ਸ਼ੰਕਰ ਮਹਿਲਾ ਸੰਕੀਰਤਨ ਮੰਡਲ ਤੋਂ ਮਾਲਤੀ ਸ਼ਰਮਾ, ਨਿਰਮਲ ਸ਼ਰਮਾ, ਰਮੇਸ਼ ਸੇਠ, ਆਸ਼ਾ ਦੂਬੇ, ਮਧੂ ਸਿੰਗਲਾ, ਪਿੰਕੀ ਯਾਦਵ, ਨੀਨਾ ਮੋਦੀ, ਸੁਨੀਤਾ ਬਾਂਸਲ, ਨਿਰਮਲ ਆਦਿ ਨੇ ਮਧੁਰ ਭਜਨ ਗਾ ਕੇ ਭਜਨ ਸੰਧਿਆ ਦੀ ਰੌਣਕ ਨੂੰ ਚਾਰ ਚੰਨ ਲਗਾ ਦਿੱਤੇ। ਇਸ ਦੇ ਨਾਲ ਨਾਲ ਮਹੇਸ਼ ਕੁਮਾਰ ਬਿੱਟੂ, ਰਾਜੇਸ਼ ਸ਼ਰਮਾ ਅਤੇ ਇੰਦਰਾਣੀ ਸ਼ੁਕਲਾ ਦੀ ਅਗਵਾਈ ਵਾਲੀ ਟੋਲੀ ਨੇ ਮਜੀਠੀਆ ਇਨਕਲੇਵ, ਗੁਰਦਰਸ਼ਨ ਨਗਰ, ਪ੍ਰਤਾਪ ਨਗਰ ਅਤੇ ਜੈ ਜਵਾਨ ਕਾਲੋਨੀ ਇਲਾਕਿਆਂ ਵਿੱਚ ਰੰਜਨ, ਨੇਹਾ ਭਾਰਦਵਾਜ, ਸ਼ਾਲਿਨੀ ਸਿੰਘ, ਜੀਵਿਨਾ, ਸੀਮਾ, ਪਿੰਕੀ ਯਾਦਵ, ਰੇਣੂ ਮਲਹੋਤਰਾ, ਰਾਜੇਸ਼ ਅੱਤਰੀ, ਕਮਲ ਕੌਸ਼ਿਸ਼, ਪਵਨ ਅਰੋੜਾ, ਸ਼ੁਭਮ ਗੁਪਤਾ, ਕ੍ਰਿਸ਼, ਬਿੱਟੂ ਜੀ ਜੇਐਮਡੀ ਇਲੈਕਟ੍ਰੀਕਲਜ਼ ਅਤੇ ਐਸ ਐਨ ਸ਼ਰਮਾ ਆਦਿ ਦੇ ਲਗਾਤਾਰ ਸਹਿਯੋਗ ਨਾਲ ਭਗਵਾਨ ਸ਼੍ਰੀ ਰਾਮ ਦੀ ਜਨਮ ਭੂਮੀ ਅਯੁੱਧਿਆ ਤੋਂ ਆਏ ਸ਼੍ਰੀ ਰਾਮ ਮੰਦਿਰ, ਅਯੁੱਧਿਆ ਦੇ ਪੂਜਾ ਕੀਤੇ ਹੋਏ ਪਵਿੱਤਰ ਅਕਸ਼ਤ, ਅਯੋਧਿਆ ਪਧਾਰਨ ਲਈ ਨਿੰਘਾ ਸੱਦਾ ਪੱਤਰ ਅਤੇ ਸ਼੍ਰੀ ਰਾਮ ਚੰਦਰ ਜੀ ਦੇ ਵਿਸ਼ਾਲ ਮੰਦਰ ਦੀਆਂ ਤਸਵੀਰਾਂ ਘਰ-ਘਰ ਵੰਡੀਆਂ ਗਈਆਂ ਅਤੇ ਸਾਰਿਆਂ ਨੂੰ 22 ਜਨਵਰੀ ਨੂੰ ਦੀਵਾਲੀ ਵਾਲੇ ਦਿਨ ਵਾਂਗ ਆਪਣੇ ਘਰਾਂ ਨੂੰ ਸਜਾਉਣ ਲਈ ਕਿਹਾ ਗਿਆ। ਘਰਾਂ ਦੇ ਨਾਲ-ਨਾਲ ਆਸ-ਪਾਸ ਦੇ ਮੰਦਰਾਂ ਵਿੱਚ ਜਾ ਕੇ ਲੋਕਾਂ ਨੂੰ ਭਗਵਾਨ ਸ਼੍ਰੀ ਰਾਮ ਦੇ ਜੀਵਨ ਨਾਲ ਸਬੰਧਤ ਭਜਨ ਗਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੇ ਨਾਲ ਹੀ ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਨਿਆਸ ਦੀ ਤਰਫੋਂ ਸ਼੍ਰੀ ਰਾਮ ਜੀ ਦੇ ਵਿਸ਼ਾਲ ਮੰਦਰ ਦੇ ਸ਼ੁਭ ਦਰਸ਼ਨ ਲਈ ਸਮੂਹ ਸ਼ਰਧਾਲੂਆਂ ਨੂੰ ਸੱਦਾ ਪੱਤਰ ਵੀ ਪ੍ਰਦਾਨ ਕੀਤਾ ਗਿਆ। ਪ੍ਰਧਾਨ ਸ੍ਰੀ ਗੋਬਿੰਦ ਰਾਮ ਸੇਠ, ਅਨੁਰਾਗ ਅੱਤਰੀ ਅਤੇ ਕਨਵੀਨਰ ਅਨਿਲ ਕੁਮਾਰ ਭਾਰਤੀ ਨੇ ਦੱਸਿਆ ਕਿ ਹੁਣ ਤੱਕ ਪ੍ਰਤਾਪ ਨਗਰ ਅਤੇ ਮਜੀਠੀਆ ਐਨਕਲੇਵ ਇਲਾਕੇ ਦੇ 851 ਤੋਂ ਵੱਧ ਘਰਾਂ ਨੂੰ ਪੂਜਿਤ ਅਕਸ਼ਤ, ਸ਼੍ਰੀ ਰਾਮ ਮੰਦਰ ਦੇ ਚਿੱਤਰ ਅਤੇ ਸੱਦਾ ਪੱਤਰ ਭੇਂਟ ਕੀਤੇ ਜਾ ਚੁੱਕੇ ਹਨ । ਇਹ ਪਵਿੱਤਰ ਮੁਹਿੰਮ ਤੱਕ ਨਿਰਵਿਘਨ ਚਲਾਈ ਜਾਵੇਗੀ।


ਸ਼੍ਰੀ ਸ਼ਿਵ ਮੰਦਰ ਪ੍ਰਤਾਪ ਨਗਰ ਵਿੱਚ ਅਯੁੱਧਿਆ ਤੋਂ ਪੂਜਿਤ ਅਕਸ਼ਤ ਅਤੇ ਸੱਦਾ ਪੱਤਰ ਸਵੀਕਾਰ ਕਰਦੇ ਹੋਏ ਰਾਮ ਭਗਤ।

# ਸਰਪੰਚਾਂ ਤੋਂ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਵੱਲੋਂ ਬੀ.ਡੀ.ਪੀ.ਓ. ਗ੍ਰਿਫ਼ਤਾਰ

## ਪਟਵਾਰੀ ਤੇ ਉਸਦੇ ਪ੍ਰਾਈਵੇਟ ਸਾਥੀ ਖਿਲਾ.ਫ ਰਿਸ਼ਵਤਖੋਰੀ ਦਾ ਮਾਮਲਾ ਦਰਜ

**ਚੰਡੀਗੜ੍ਹ, -ਰੋਜ਼ਾਨਾ ਸਵੇਰਾ-**

ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਬਲਾਕ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਤਾਇਨਾਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ (ਬੀਡੀਪੀਓ) ਸਰਬਜੀਤ ਸਿੰਘ ਨੂੰ ਇਲਾਕੇ ਦੇ ਸਰਪੰਚਾਂ ਤੋਂ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਬੀਡੀਪੀਓ ਨੂੰ ਜਾਂਚ ਉਪਰੰਤ ਰਿਸ਼ਵਤਾਂ ਲੈਣ ਦਾ ਦੋਸ਼ੀ ਪਾਏ ਜਾਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਬਲਾਕ ਮਮਦੋਟ ਦੇ ਪਿੰਡ ਕੋਠੇ ਕਿੱਲੀ ਵਾਲੇ ਦੇ ਸਰਪੰਚ ਪਿੱਪਲ ਸਿੰਘ, ਪਿੰਡ ਮੁਹੰਮਦ ਖਾਨ ਨਿਆਜੀਆਂ ਦੇ ਸਰਪੰਚ ਪ੍ਰਗਟ ਸਿੰਘ, ਪਿੰਡ ਗੱਟੀ ਮਸਤਾਨ ਨੰਬਰ 2 ਦੇ ਸਰਪੰਚ ਅਨੋਖ ਸਿੰਘ, ਪਿੰਡ ਚੱਕ ਅਮਰੀਕ ਸਿੰਘ ਵਾਲਾ ਦੀ ਸਰਪੰਚ ਪਰਮਜੀਤ ਕੌਰ ਦੇ ਪਤੀ ਗੁਰਬਚਨ ਸਿੰਘ, ਗੱਟੀ ਮਸਤਾ ਨੰਬਰ-01 ਪਿੰਡ ਦੇ ਸਰਪੰਚ ਸਰਜੀਤ ਸਿੰਘ ਅਤੇ ਪਿੰਡ ਕੋਟ ਬਿਸ਼ਨ ਸਿੰਘ ਮਾਨਾਵਾਲਾ ਦੇ ਸਰਪੰਚ ਪਰਮਜੀਤ ਸਿੰਘ ਨੇ ਤਫ਼ਤੀਸ਼ੀ ਅਫ਼ਸਰ ਅੱਗੇ ਬਿਆਨ ਦਿੱਤਾ ਕਿ ਉਕਤ ਬੀ.ਡੀ.ਪੀ.ਓ. ਬਲਾਕ ਦੀਆਂ ਪੰਚਾਇਤਾਂ ਦੇ ਕੰਮ ਕਰਵਾਉਣ ਤੋਂ ਪਹਿਲਾਂ ਅਤੇ ਕੰਮ ਮੁਕੰਮਲ ਹੋਣ ਤੋਂ ਬਾਅਦ ਉਨ੍ਹਾਂ ਤੋਂ ਰਿਸ਼ਵਤਾਂ ਲੈਂਦਾ ਸੀ। ਉਨ੍ਹਾਂ ਅੱਗੇ ਹੋਰ ਦੋਸ਼ ਲਾਇਆ ਕਿ ਜੇਕਰ ਉਸ ਨੂੰ ਰਿਸ਼ਵਤ ਨਹੀਂ ਸੀ ਦਿੱਤੀ ਜਾਂਦੀ ਤਾਂ ਉਹ ਪਿੰਡ ਦੇ ਕੰਮਾਂ ਸਬੰਧੀ ਮਨਜ਼ੂਰੀਆਂ ਦੇਣ ਵਿੱਚ ਦੇਰੀ ਕਰਦਾ ਸੀ। ਪੜਤਾਲ ਦੌਰਾਨ ਰਿਕਾਰਡ ਵਿੱਚ ਇਹ ਵੀ ਸਾਹਮਣੇ ਆਇਆ ਕਿ ਪਿੰਡ ਬਸਤੀ ਦੂਲਾ ਸਿੰਘ ਵਿਖੇ ਜ਼ੀਰੋ ਲਾਈਨ 'ਤੇ ਕੀਤੇ ਗਏ ਕੰਮਾਂ ਦੀ ਅਦਾਇਗੀ ਕਰਨ ਬਦਲੇ ਸਰਪੰਚ ਜਸਵੰਤ ਸਿੰਘ ਨੇ ਉਕਤ ਬੀਡੀਪੀਓ ਸਰਬਜੀਤ ਸਿੰਘ ਦੇ ਮੋਬਾਈਲ 'ਤੇ ਆਪਣੇ ਆਈ.ਸੀ.ਆਈ. ਸੀ.ਆਈ. ਬੈਂਕ ਦੇ ਖਾਤੇ ਤੋਂ ਗੂਗਲ ਪੇਅ ਰਾਹੀਂ ਦੋ ਵਾਰੀ ਕ੍ਰਮਵਾਰ 30,000 ਰੁਪਏ ਅਤੇ 5,000 ਰੁਪਏ ਰਿਸ਼ਵਤ ਟਰਾਂਸਫਰ ਕੀਤੀ ਸੀ। ਉਕਤ ਸਰਪੰਚ ਨੇ ਅੱਗੇ ਇਹ ਵੀ ਦੋਸ਼ ਲਾਇਆ ਕਿ ਉਸ ਨੇ ਹਾਲ ਹੀ ਵਿੱਚ ਪਿੰਡ 'ਚ ਵਿਕਾਸ ਕਾਰਜ ਮੁਕੰਮਲ ਕਰਨ ਬਦਲੇ ਬੀਡੀਪੀਓ ਦੇ ਉਸੇ ਖਾਤੇ ਵਿੱਚ 10 ਹਜ਼ਾਰ ਰੁਪਏ ਹੋਰ ਤਬਦੀਲ ਕੀਤੇ ਹਨ।ਉਕਤ ਸ਼ਿਕਾਇਤਕਰਤਾਵਾਂ ਨੇ ਦੱਸਿਆ ਕਿ ਉਹ ਡਰ ਅਤੇ ਮਜ਼ਬੂਰੀ ਦੇ ਚੱਲਦਿਆਂ ਹੁਣ ਤੱਕ ਉਕਤ ਅਧਿਕਾਰੀ ਨੂੰ ਰਿਸ਼ਵਤਾਂ ਦੇ ਰਹੇ ਸਨ ਪਰ ਹੁਣ ਉਹ ਰਿਸ਼ਵਤ ਦੇ ਕੇ ਕੰਮ ਕਰਵਾਉਣਾ ਨਹੀਂ ਚਾਹੁੰਦੇ। ਸ਼ਿਕਾਇਤਕਰਤਾ ਨੇ ਵਿਜੀਲੈਂਸ ਨੂੰ ਸਬੂਤ ਵਜੋਂ ਕੀਤੇ ਗਏ ਭੁਗਤਾਨਾਂ ਅਤੇ ਬੈਂਕ ਖਾਤੇ ਦੇ ਵੇਰਵਿਆਂ ਦੇ ਸਕ੍ਰੀਨਸ਼ੌਟ ਵੀ ਜਮ੍ਹਾਂ ਕਰਵਾਏ ਹਨ।



ਬੁਲਾਰੇ ਨੇ ਦੱਸਿਆ ਕਿ ਉਕਤ ਸਰਪੰਚਾਂ ਤੋਂ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਉਕਤ ਬੀ.ਡੀ.ਪੀ.ਓ. ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਸੂਬਾ ਸਰਕਾਰ ਨੌਜਵਾਨਾਂ ਨੂੰ ਰੋਜਗਾਰ ਤੇ ਸਵੈ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਵਚਨਬੱਧ : ਜਗਸੀਰ ਸਿੰਘ



ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੇ ਹਰ ਵਰਗ ਨਾਲ ਸਬੰਧਤ ਨੌਜਵਾਨਾਂ ਨੂੰ ਰੋਜਗਾਰ ਅਤੇ ਸਵੈ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਵਚਨਬੱਧ ਅਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਨੇ ਪਿੰਡ ਸਿਵੀਆ ਵਿਖੇ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਅਧੀਨ ਪਹਿਲ ਆਜੀਵਿਕਾ ਹੌਜ਼ਰੀ ਦੀ ਸ਼ੁਰੂਆਤ ਕਰਨ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਸ਼ਿਰਕਤ ਕਰਨ ਮੌਕੇ ਕੀਤਾ।ਇਸ ਦੌਰਾਨ ਹਲਕਾ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਵਲੋਂ ਆਜੀਵਿਕਾ ਮਿਸ਼ਨ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਮਹਿਲਾਵਾਂ ਨੂੰ ਇਸ ਨੇਕ ਕਾਰਜ ਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਹਰ ਤਰ੍ਹਾਂ ਦੀ ਸੰਭਵ ਮੱਦਦ ਕਰਨ ਦਾ ਭਰੋਸਾ ਵੀ ਦਿਵਾਇਆ ਗਿਆ।

ਇਸ ਮੌਕੇ ਵਿਧਾਇਕ ਜਗਸੀਰ ਸਿੰਘ ਨੇ ਪਹਿਲ ਆਜੀਵਿਕਾ ਮਿਸ਼ਨ ਦੀਆਂ ਮਹਿਲਾਵਾਂ ਦੀ ਪ੍ਰਸੰਸਾਂ ਕਰਦਿਆਂ ਕਿਹਾ ਕਿ ਉਹ ਹੋਰ ਮਿਹਨਤ ਕਰਕੇ ਸਵੈ ਰੋਜ਼ਗਾਰ ਰਾਹੀਂ ਜਿੱਥੇ ਆਪਣੇ ਤੇ ਆਪਣੇ ਪਰਿਵਾਰ ਦੀ ਆਮਦਨ ਵਿੱਚ ਵਾਧਾ ਕਰ ਸਕਦੀਆਂ ਹਨ ਉੱਥੇ ਹੀ ਉਹ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦਿਆਂ ਆਪਣੇ ਮਿੱਥੇ ਟੀਚੇ ਨੂੰ ਪੂਰਾ ਕਰਨ ਚ ਉੱਚ ਮੁਕਾਮ ਹਾਸਲ ਕਰ ਸਕਦੀਆਂ ਹਨ।

ਇਸ ਮੌਕੇ ਆਪ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ (ਦਿਹਾਤੀ) ਗੁਰਜੰਟ ਸਿੰਘ ਸਿਵੀਆ, ਸਾਬਕਾ ਬਲਾਕ ਪ੍ਰਧਾਨ ਡਾ.ਬੂਟਾ ਸਿੰਘ, ਬਲਾਕ ਪ੍ਰਧਾਨ ਮਨਪ੍ਰੀਤ ਸਿੰਘ ਗੁੱਗੀ ਚਹਿਲ,ਅਮਰਜੀਤ ਸਿੰਘ, ਮੈਡਮ ਮਨਦੀਪ ਕੌਰ ਰਾਮਗੜੀਆ,ਪਿੰਡ ਦੀ ਸਰਪੰਚ ਹਰਿੰਦਰ ਕੌਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਰਹਿਮਤ ਆਜੀਵਿਕਾ ਕਲੱਸਟਰ ਲੈਵਲ ਫਡਰੇਸ਼ਨ ਦੀਆਂ ਮਹਿਲਾਵਾਂ ਤੇ ਹੋਰ ਸਖਸ਼ੀਅਤਾਂ ਆਦਿ ਹਾਜ਼ਰ ਸਨ।

# ਗੁਰੂ ਕਾਸ਼ੀ ਯੂਨੀਵਰਸਿਟੀ ਤੇ ਏਮਜ਼ ਬਠਿੰਡਾ ਵੱਲੋਂ ਮੈਡੀਕਲ ਤੇ ਹੈਲਥ ਸਾਇੰਸਜ਼ ਦੇ ਖੇਤਰ ਵਿੱਚ ਖੋਜ ਕਾਰਜਾਂ ਲਈ ਦੁਵੱਲਾ ਸਮਝੌਤਾ ਸਹੀਬੱਧ



ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਮੈਡੀਕਲ, ਹੈਲਥ ਸਾਇੰਸਜ਼ ਦੇ ਖੇਤਰ ਵਿੱਚ ਖੋਜ ਕਾਰਜਾਂ ਲਈ ਨੈਕ ਗ੍ਰੇਡ ਏ++ ਹਾਸਿਲ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਬਠਿੰਡਾ ਨਾਲ ਦੁਵੱਲਾ ਸਮਝੌਤਾ ਪ੍ਰਬੰਧਕੀ ਨਿਰਦੇਸ਼ਕ (ਜੀ.ਕੇ.ਯੂ.) ਸ. ਸੁਖਰਾਜ ਸਿੰਘ ਸਿੱਧੂ, ਉਪ ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਅਤੇ ਡਾਇਰੈਕਟਰ ਏਮਜ਼, ਬਠਿੰਡਾ ਡਾ. ਡੀ.ਕੇ.ਸਿੰਘ ਦੀ ਹਾਜ਼ਰੀ ਵਿੱਚ ਹਸਤਾਖ਼ਰਿਤ ਕੀਤਾ ਗਿਆ।

ਇਸ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸ. ਸੁਖਰਾਜ ਸਿੰਘ ਸਿੱਧੂ ਨੇ ਕਿਹਾ ਕਿ ਇਸ ਸਮਝੌਤੇ ਨਾਲ ਹੈਲਥ ਸਾਇੰਸਜ਼ ਦੇ ਵਿਦਿਆਰਥੀਆਂ ਲਈ ਖੋਜ ਵਾਸਤੇ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਹੁਣ ਗੁਣਵੱਤਾਪੂਰਣ ਮੈਡੀਕਲ ਅਤੇ ਹੈਲਥ ਸਾਇੰਸਜ਼ ਨਾਲ ਜੁੜੇ ਵਿਦਿਆਰਥੀਆਂ ਨੂੰ ਆਪਣੀ ਸ਼ੰਕਾਵਾ ਦੇ ਸਮਾਧਾਨ ਲਈ ਦੂਰ ਨਹੀਂ ਜਾਣਾ ਪਵੇਗਾ।ਇਸ ਮੌਕੇ ਡਾ. ਐਸ.ਕੇ.ਬਾਵਾ ਨੇ ਦੱਸਿਆ ਕਿ ਇਸ ਸਮਝੌਤੇ ਰਾਹੀਂ ਜੀ.ਕੇ.ਯੂ. ਦੇ ਫ਼ੈਕਲਟੀ ਆਫ਼ ਫਾਰਮਾਸਿਉਟੀਕਲ ਐਂਡ ਹੈਲਥ ਸਾਇੰਸਜ਼ ਅਤੇ ਇਸ ਨਾਲ ਸਬੰਧਿਤ ਬਹੁ-ਅਨੁਸ਼ਾਸਨੀ ਪ੍ਰੋਗਰਾਮਾਂ ਦੇ ਫੈਕਲਟੀ ਮੈਂਬਰ, ਖੋਜਾਰਥੀ ਅਤੇ ਵਿਦਿਆਰਥੀ ਵਿੱਦਿਅਕ ਖੋਜ ਕਾਰਜ, ਤਕਨੀਕੀ ਅਧਿਐਨ ਲਈ ਪ੍ਰੋਜੈਕਟਾਂ ਦਾ ਆਯੋਜਨ ਸਾਂਝੇ ਤੌਰ 'ਤੇ ਕਰਨਗੇ। ਦੋਹੇਂ ਧਿਰਾਂ ਇੱਕ ਦੂਜੇ ਕੋਲ ਉਪਲਬਧ ਆਧੁਨਿਕ ਸੰਵੇਦਨਸ਼ੀਲ ਉਪਕਰਨਾਂ, ਬੁਨਿਆਦੀ ਢਾਂਚੇ ਅਤੇ ਪ੍ਰਯੋਗਸ਼ਾਲਾਵਾਂ ਦਾ ਇਸਤੇਮਾਲ ਖੋਜ ਕਾਰਜਾਂ ਲਈ ਕਰ ਸਕਣਗੇ। ਇਸ ਤੋਂ ਇਲਾਵਾ ਦੋਹੇਂ ਵਿੱਦਿਅਕ ਅਦਾਰਿਆਂ ਦੇ ਮਾਹਿਰਾਂ ਵੱਲੋਂ ਵਿਸ਼ੇਸ਼ ਤਕਨੀਕੀ ਵਿਸ਼ਿਆਂ 'ਤੇ ਗਿਆਨ ਦੇ ਆਦਾਨ-ਪ੍ਰਦਾਨ ਲਈ ਸੈਮੀਨਾਰ ਅਤੇ ਟ੍ਰੇਨਿੰਗ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਵਿਦੇਸ਼ਾਂ ਵਿੱਚ ਮੈਡੀਕਲ, ਹੈਲਥ ਸਾਇੰਸਜ਼ ਅਤੇ ਸਿਹਤ ਸੇਵਾਵਾਂ ਨਾਲ ਸੰਬੰਧਿਤ ਵਿਦਿਆਰਥੀਆਂ ਦੀ ਵੱਧ ਰਹੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੇਂ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ।ਸਮਝੌਤੇ 'ਤੇ ਵਿਚਾਰ ਪ੍ਰਗਟ ਕਰਦਿਆਂ ਡਾ. ਡੀ.ਕੇ. ਸਿੰਘ ਨੇ ਕਿਹਾ ਕਿ ਇਸ ਨਾਲ ਇਲਾਕੇ ਦੀ ਨੌਜਵਾਨ ਪੀੜ੍ਹੀ ਲਈ ਰੁਜ਼ਗਾਰ ਦੇ ਨਵੇਂ ਦਰਵਾਜੇ ਖੁਲ੍ਹਣਗੇ ਜਿਸ ਨਾਲ ਇਲਾਕੇ ਤੇ ਇਲਾਕਾ ਨਿਵਾਸੀਆਂ ਦਾ ਵਿਕਾਸ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਸਮਝੌਤੇ ਰਾਹੀਂ ਸਿਹਤ ਨਾਲ ਸਬੰਧਿਤ ਖੇਤਰ ਵਿੱਚ ਗੁਣਾਤਮਕ ਉੱਚੇਰੀ ਸਿੱਖਿਆ ਲਈ ਉੱਚ ਕੋਟੀ ਦਾ ਕੰਮ ਹੋਵੇਗਾ ਜੋ ਲੋਕਾਂ ਦੀ ਤੰਦਰੁਸਤੀ ਅਤੇ ਸਿਹਤ ਲਈ ਲਾਹੇਵੰਦ ਹੋਵੇਗਾ ਤੇ ਮਨੁੱਖੀ ਸਿਹਤ ਨਾਲ ਸਬੰਧਿਤ ਆ ਰਹੀਆਂ ਨਵੀਆਂ ਬਿਮਾਰੀਆਂ ਦੇ ਇਲਾਜ਼ ਲਈ ਨਵੀਆਂ ਖੋਜਾਂ ਕਰਨ ਲਈ ਇਸ ਤਰ੍ਹਾਂ ਦੇ ਸਮਝੌਤੇ ਹੋਣਾ ਜ਼ਰੂਰੀ ਹੈ।

ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਹ ਸਮਝੌਤਾ ਇਕ ਚਾਨਣ ਮੁਨਾਰੇ ਦਾ ਕੰਮ ਕਰੇਗਾ।

# ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਹੂੰਝਾ ਫੇਰ ਜਿੱਤ ਹਾਸਲ ਕਰਾਂਗੇ: ਮੁੱਖ ਮੰਤਰੀ




ਰਾਮਪੁਰਾ ਫੂਲ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਵੱਲੋਂ ਦਾਇਰ ਮਾਣਹਾਨੀ ਦੇ ਮੁਕੱਦਮੇ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਬਾਦਲ ਪਰਿਵਾਰ ਦੇ ਪੰਜਾਬ ਵਿਰੋਧੀ ਪੈਂਤੜੇ ਅਤੇ ਮਾੜੇ ਕੰਮਾਂ ਦਾ ਪਰਦਾਫ਼ਾਸ਼ ਕਰਨ ਦਾ ਇੱਕ ਹੋਰ ਮੌਕਾ ਮਿਲੇਗਾ।

ਇੱਥੇ 14 ਲਾਇਬ੍ਰੇਰੀਆਂ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਸ ਕੇਸ ਦੀ ਰੋਜ਼ਾਨਾ ਸੁਣਵਾਈ ਲਈ ਬੇਨਤੀ ਕਰਨਗੇ ਤਾਂ ਜੋ ਲੋਕਾਂ ਨੂੰ ਬਾਦਲਾਂ ਦੇ ਪਾਪਾਂ ਬਾਰੇ ਜਾਣੂੰ ਕਰਵਾਇਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਦਲਾਂ ਦੀ ਪੰਜਾਬ ਨਾਲ ਕੀਤੀ ਗੱਦਾਰੀ ਦੇ ਇਨਾਮ ਵਜੋਂ ਹਰਿਆਣਾ ਨੇ ਉਨ੍ਹਾਂ ਦੇ ਫਾਰਮ ਹਾਊਸ ਤੱਕ ਨਹਿਰ ਦੀ ਉਸਾਰੀ ਕੀਤੀ। ਉਨ੍ਹਾਂ ਕਿਹਾ ਕਿ ਇੰਨਾ ਹੀ ਨਹੀਂ ਸੂਬੇ ਦੀ ਤਰੱਕੀ ਵਿੱਚ ਅੜਿੱਕਾ ਡਾਹ ਕੇ ਬਾਦਲਾਂ ਨੇ ਹੋਟਲ, ਟਰਾਂਸਪੋਰਟ ਅਤੇ ਹੋਰ ਕਾਰੋਬਾਰ ਵਧਾਏ, ਜਿਸ ਬਾਰੇ ਲੋਕਾਂ ਨੂੰ ਵਿਸਥਾਰ ਨਾਲ ਦੱਸਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਆਪਣੀ ਜਾਇਦਾਦ ਬਚਾਉਣ ਲਈ ਕੇਸ ਲੜ ਰਹੇ ਹਨ, ਜਦੋਂ ਕਿ ਉਹ ਲੋਕਾਂ ਨੂੰ ਬਚਾਉਣ ਲਈ ਅਦਾਲਤ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਬਾਦਲ ਪਰਿਵਾਰ ਦੀਆਂ ਉਨ੍ਹਾਂ ਸਾਰੀਆਂ ਕਰਤੂਤਾਂ ਬਾਰੇ ਦੁਨੀਆਂ ਨੂੰ ਦੱਸਣਗੇ, ਜਿਨ੍ਹਾਂ ਕਾਰਨ ਸੂਬਾ ਵੱਖ-ਵੱਖ ਖੇਤਰਾਂ ਵਿੱਚ ਪਛੜ ਗਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦੇ ਹੱਥ ਪੰਜਾਬ ਅਤੇ ਪੰਜਾਬੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ, ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਉਨ੍ਹਾਂ ਦੇ ਗੁਨਾਹਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰ ਸਕਦੇ।

ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਦਾਅਵਾ ਕਰਦੇ ਸਨ ਕਿ ਉਹ 25 ਸਾਲ ਰਾਜ ਕਰਨਗੇ, ਉਨ੍ਹਾਂ ਨੂੰ ਲੋਕਾਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਆਪਣੇ 25 ਵਿਧਾਇਕਾਂ ਦੀ ਚੋਣ ਵੀ ਨਹੀਂ ਕਰਵਾ ਸਕੇ ਕਿਉਂਕਿ ਇਨ੍ਹਾਂ ਨੂੰ ਲੋਕਾਂ ਨੇ ਨਕਾਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਹੰਕਾਰੀ ਆਗੂਆਂ ਨੂੰ ਲੋਕਾਂ ਨੇ ਬਾਹਰ ਦਾ ਦਰਵਾਜ਼ਾ ਦਿਖਾ ਕੇ ਸਿਆਸੀ ਗੁਮਨਾਮੀ ਵਿੱਚ ਭੇਜ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀ ਸਰਕਾਰ ਦੌਰਾਨ ਸਿਆਸੀ ਆਗੂਆਂ ਦੇ ਕੋਟੇ ਨੇ ਆਮ ਆਦਮੀ ਦੇ ਹਿੱਤ ਹੜੱਪ ਲਏ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਨੇ ਅਜਿਹੇ ਸਾਰੇ ਸਿਆਸੀ ਕੋਟਿਆਂ ਨੂੰ ਖ਼ਤਮ ਕਰ ਕੇ ਆਮ ਆਦਮੀ ਦੇ ਸ਼ਕਤੀਕਰਨ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਨੂੰ ਮੁੱਖ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮੰਤਵ ਲੋਕਾਂ ਦੀ ਭਲਾਈ ਤੇ ਤਰੱਕੀ ਅਤੇ ਆਮ ਆਦਮੀ ਦਾ ਵਿਆਪਕ ਵਿਕਾਸ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਉਨ੍ਹਾਂ ਨਾਲ ਈਰਖਾ ਕਰਦੀਆਂ ਹਨ ਕਿਉਂਕਿ ਉਹ ਇਕ ਆਮ ਪਰਿਵਾਰ ਨਾਲ ਸਬੰਧਤ ਹਨ ਅਤੇ ਲੋਕਾਂ ਦੀ ਭਲਾਈ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਹਮੇਸ਼ਾ ਇਹ ਵਿਸ਼ਵਾਸ ਸੀ ਕਿ ਉਨ੍ਹਾਂ ਕੋਲ ਰਾਜ ਕਰਨ ਦਾ ਇਲਾਹੀ ਅਧਿਕਾਰ ਹੈ, ਜਿਸ ਕਾਰਨ ਉਨ੍ਹਾਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਇਕ ਆਮ ਆਦਮੀ ਸੂਬੇ ਨੂੰ ਵਧੀਆ ਤਰੀਕੇ ਨਾਲ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਲੰਮਾ ਸਮਾਂ ਲੋਕਾਂ ਨੂੰ ਮੂਰਖ ਬਣਾਇਆ ਪਰ ਹੁਣ ਲੋਕ ਇਨ੍ਹਾਂ ਦੇ ਗੁਮਰਾਹਕੁੰਨ ਪ੍ਰਚਾਰ ਤੋਂ ਬਾਜ਼ ਨਹੀਂ ਆਉਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਮਾਈ ਭਾਗੋ, ਗ਼ਦਰੀ ਬਾਬੇ ਸਮੇਤ ਮਹਾਨ ਸ਼ਹੀਦਾਂ ਉਤੇ ਆਧਾਰਤ ਝਾਕੀ ਨੂੰ ਰੱਦ ਕਰ ਕੇ ਉਨ੍ਹਾਂ ਦਾ ਨਿਰਾਦਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਗਣਤੰਤਰ ਦਿਵਸ ਦੀ ਪਰੇਡ ਵਿੱਚ ਪੰਜਾਬ ਦੀਆਂ ਝਾਕੀਆਂ ਨੂੰ ਸ਼ਾਮਲ ਨਾ ਕਰਕੇ ਇਨ੍ਹਾਂ ਨਾਇਕਾਂ ਦੇ ਯੋਗਦਾਨ ਅਤੇ ਕੁਰਬਾਨੀ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਇਨ੍ਹਾਂ ਮਹਾਨ ਦੇਸ਼ ਭਗਤਾਂ ਅਤੇ ਕੌਮੀ ਆਗੂਆਂ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਯੋਗਦਾਨ ਨੂੰ ਝਾਕੀਆਂ ਰਾਹੀਂ ਸੂਬੇ ਭਰ ਵਿੱਚ ਦਿਖਾਏਗੀ।

ਮੁੱਖ ਮੰਤਰੀ ਨੇ ਭਵਿੱਖਬਾਣੀ ਕੀਤੀ ਕਿ ਲੋਕ ਇਨ੍ਹਾਂ ਪਾਰਟੀਆਂ ਦੇ ਭ੍ਰਿਸ਼ਟ ਆਗੂਆਂ ਤੋਂ ਇੰਨੇ ਅੱਕ ਚੁੱਕੇ ਹਨ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਸੂਬੇ ਦੀਆਂ ਸਾਰੀਆਂ ਸੀਟਾਂ 'ਤੇ ਸਾਨੂੰ ਹੂੰਝਾ ਫੇਰ ਜਿੱਤ ਦਿਵਾਉਣਗੇ।

# ਪੰਜਾਬ ਕੇਂਦਰੀ ਯੂਨੀਵਰਸਿਟੀ ਦੀਆਂ ਦੋ ਵਿਦਿਆਰਥਣਾਂ ਨੂੰ ਗਣਤੰਤਰ ਦਿਵਸ ਪਰੇਡ ਕੈਂਪ 2024 ਵਿੱਚ ਭਾਗ ਲੈਣ ਲਈ ਚੁਣਿਆ



ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ (ਸੀਯੂ ਪੰਜਾਬ) ਵਿੱਚ ਰਾਸ਼ਟਰੀ ਸੇਵਾ ਯੋਜਨਾ (ਐਨ.ਐਸ.ਐਸ.) ਸੈੱਲ ਦੀਆਂ ਦੋ ਵਿਦਿਆਰਥਣਾਂ ਦੀਪਾ ਓਰਮ ਅਤੇ ਪ੍ਰਤਿਮਾ ਤਿਰਕੇਯ ਨੂੰ ਗਣਤੰਤਰ ਦਿਵਸ ਪਰੇਡ ਕੈਂਪ, 2024 ਵਿੱਚ ਭਾਗ ਲੈਣ ਲਈ ਚੁਣਿਆ ਗਿਆ ਹੈ। ਸੀਯੂ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਪੜ੍ਹ ਰਹੀਆਂ ਇਹ ਦੋਵੇਂ ਵਿਦਿਆਰਥਣਾਂ ਦੀ ਚੋਣ ਜੋਨਲ ਪ੍ਰੀ ਰਿਪਬਲਿਕ-ਡੇ ਕੈਂਪ ਦੌਰਾਨ ਕੇਂਦਰੀ ਚੋਣ ਕਮੇਟੀਆਂ ਦੁਆਰਾ ਕੀਤੀ ਗਈ ਸੀ। ਮਾਲਵਾ ਖੇਤਰ ਦੀਆ ਉੱਚ ਸਿੱਖਿਆ ਸੰਸਥਾਵਾਂ ਤੋਂ ਕੇਵਲ ਇਹਨਾਂ ਦੋ ਵਿਦਿਆਰਥਣਾਂ ਨੂੰ ਹੀ ਗਣਤੰਤਰ ਦਿਵਸ ਪਰੇਡ ਸ਼ਿਵਿਰ, 2024 ਵਿੱਚ ਭਾਗ ਲੈਣ ਦਾ ਮੌਕਾ ਪ੍ਰਾਪਤ ਹੋਇਆ ਹੈ।ਇਸ ਮੌਕੇ 'ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਦੋਵਾਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਯੂਨੀਵਰਸਿਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਾਡੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਪਰੇਡ ਕੈਂਪ ਵਿੱਚ ਭਾਗ ਲੈਣ ਲਈ ਚੁਣਿਆ ਗਿਆ ਹੈ ।ਇਹ ਪ੍ਰਾਪਤੀ ਲਈ ਐਨਐਸਐਸ ਕੋਆਰਡੀਨੇਟਰ ਪ੍ਰੋ. ਦੀਪਕ ਚੌਹਾਨ, ਸਿੱਖਿਆ ਵਿਭਾਗ ਦੇ ਮੁਖੀ ਡਾ. ਸ਼ੰਕਰ ਲਾਲ ਬੀਕਾ ਅਤੇ ਐਨਐਸਐਸ ਯੂਨਿਟ 999 ਦੇ ਪ੍ਰੋਗਰਾਮ ਅਧਿਕਾਰੀ ਡਾ.ਪ੍ਰੀਤਮ ਚੰਦ ਨੇ ਵੀ ਚੁਣੀਆਂ ਗਈਆਂ ਵਿਦਿਆਰਥਣਾਂ ਨੂੰ ਵਧਾਈ ਦਿਤੀ
ਪ੍ਰੋ.ਦੀਪਕ ਚੌਹਾਨ ਨੇ ਦੱਸਿਆ ਕਿ ਚੋਣ ਦੇ ਬਾਅਦ ਦੋਵੇਂ ਵਿਦਿਆਰਥਣਾਂ (ਦੀਪਾ ਓਰਮ ਅਤੇ ਪ੍ਰਤੀਮਾ ਤਿਰਕੇਯ) ਇਸ ਵੇਲੇ 1 ਜਨਵਰੀ ਤੋਂ 31 ਜਨਵਰੀ 2024 ਤੱਕ ਨਵੀਂ ਦਿੱਲੀ ਵਿੱਚ ਚੱਲ ਰਹੇ ਇੱਕ ਮਹੀਨੇ ਦੇ ਗਣਤੰਤਰ ਦਿਵਸ ਕੈਂਪ 2024 ਵਿੱਚ ਭਾਗ ਲੈ ਰਹੀਆਂ ਹਨ। ਇਸ ਕੈਂਪ ਵਿੱਚ ਵਿਦਿਆਰਥੀ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣਗੇ।
ਪ੍ਰੋ. ਚੌਹਾਨ ਨੇ ਕਿਹਾ ਕਿ ਇਸ ਸਾਲ ਦੇ ਗਣਤੰਤਰ ਦਿਵਸ ਕੈਂਪ ਦਾ ਥੀਮ 'ਨਾਰੀ ਸ਼ਕਤੀ' ਹੈ ਅਤੇ ਮਹਿਲਾ ਐਨਐਸਐਸ ਸਵੈਸੇਵੀ 'ਨਾਰੀ ਸ਼ਕਤੀ - ਰਾਨੀ ਇਸ ਮੌਕੇ 'ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਦੋਵਾਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਯੂਨੀਵਰਸਿਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਾਡੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਪਰੇਡ ਕੈਂਪ ਵਿੱਚ ਭਾਗ ਲੈਣ ਲਈ ਚੁਣਿਆ ਗਿਆ ਹੈ।f

# ਜ਼ਿਲ੍ਹਾ ਸੰਕਟ ਮੋਚਨ ਕਮੇਟੀ ਦੀ ਹੋਈ ਬੈਠਕ, ਕਿਸੇ ਵੀ ਤਰ੍ਹਾਂ ਦੀ ਗੈਰ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਕੀਤਾ ਵਿਚਾਰ-ਵਟਾਂਦਰਾ



ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸੰਕਟਕਾਲੀਨ ਕਮੇਟੀ ਦੀ ਮੀਟਿੰਗ ਹੋਈ। ਇਸ ਦੌਰਾਨ ਜ਼ਿਲ੍ਹੇ ਅੰਦਰ ਕਿਸੇ ਵੀ ਤਰ੍ਹਾਂ ਦੀਆਂ ਅਚਨਚੇਤੀ ਦੁਰਘਟਨਾਵਾਂ ਅਤੇ ਸੰਭਾਵੀ ਗੈਰ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਪ੍ਰਸ਼ਾਸਨਿਕ ਪੱਧਰ 'ਤੇ ਕੀਤੀਆਂ ਜਾਣ ਵਾਲੀਆਂ ਅਗਾਊਂ ਤਿਆਰੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਵੱਖ-ਵੱਖ ਵਿਭਾਗਾਂ ਤੇ ਖਤਰੇ ਵਾਲੀਆਂ ਉਦਯੋਗਿਕ ਇਕਾਈਆਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਆਦੇਸ਼ ਤੇ ਦਿਸ਼ਾ-ਨਿਰਦੇਸ਼ ਵੀ ਦਿੱਤੇ ਗਏ। ਬੈਠਕ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਕੈਮੀਕਲ ਦੀ ਵਰਤੋਂ ਕਰਨ ਵਾਲੇ ਅਦਾਰਿਆਂ ਦੇ ਨੁਮਾਇੰਦਿਆਂ ਨਾਲ ਨਿਯਮਤ ਤੌਰ 'ਤੇ ਅਜਿਹੀ ਮੀਟਿੰਗ ਕੀਤੀ ਜਾਂਦੀ ਹੈ, ਤਾਂ ਜੋ ਰਸਾਇਣਕ ਦੁਰਘਟਨਾਵਾਂ ਵਾਪਰਨ ਦੀ ਕਿਸੇ ਵੀ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪ੍ਰਸ਼ਾਸਨਿਕ ਵਿਭਾਗਾਂ ਤੇ ਸਬੰਧਤ ਅਦਾਰੇ ਵਿੱਚ ਤਾਲਮੇਲ ਨੂੰ ਯਕੀਨੀ ਬਣਾਇਆ ਜਾ ਸਕੇ ਤੇ ਘਟਨਾ ਨਾਲ ਹੋਣ ਵਾਲੇ ਜਾਨੀ ਤੇ ਮਾਲੀ ਨੁਕਸਾਨ ਨੂੰ ਰੋਕਿਆ ਜਾ ਸਕੇ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹੋਣ ਵਾਲੀ ਮੌਕ ਡਰਿੱਲ ਨੂੰ ਪੂਰੀ ਸੰਜੀਦਗੀ ਨਾਲ ਇੱਕ ਸਾਂਝੀ ਟੀਮ ਦੇ ਰੂਪ ਵਿੱਚ ਸਾਰੇ ਸਬੰਧਤ ਵਿਭਾਗ ਆਪੋ-ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨੇਪਰੇ ਚੜ੍ਹਾਉਣ ਅਤੇ ਮੌਕ ਡਰਿੱਲ ਸਮੇਂ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਾ ਵਰਤੀ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਦਾ ਆਫ਼ ਸਾਈਟ ਪਲਾਨ ਵੀ ਜਾਰੀ ਕੀਤਾ ਗਿਆ।ਇਸ ਮੌਕੇ ਡਿਪਟੀ ਡਾਇਰੈਕਟਰ ਫੈਕਟਰੀਜ਼ ਇੰਜਨੀਅਰ ਸ਼੍ਰੀ ਵਿਸ਼ਾਲ ਸਿੰਗਲਾ ਨੇ ਦੱਸਿਆ ਕਿ ਮੌਕ ਡਰਿੱਲ ਸਮੇਂ ਪੁਲਿਸ, ਸਿਹਤ ਵਿਭਾਗ ਤੇ ਫਾਇਰ ਬ੍ਰਿਗੇਡ ਦੀ ਅਹਿਮ ਭੂਮਿਕਾ ਹੁੰਦੀ ਹੈ ਤੇ ਇਨ੍ਹਾਂ ਵਿਭਾਗਾਂ ਨੂੰ ਸੰਕਟਕਾਲੀਨ ਸਥਿਤੀ ਨਾਲ ਨਜਿੱਠਣ ਲਈ ਹਰ ਵੇਲੇ ਚੌਕਸ ਰਹਿਣ ਦੀ ਲੋੜ ਹੈ।

# ਪਟਵਾਰੀ 10,000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

## ਸ਼ਿਕਾਇਤਕਰਤਾ ਤੋਂ ਪਹਿਲਾਂ ਵੀ ਲੈ ਚੁੱਕਾ ਹੈ 10,000 ਰੁਪਏ ਦੀ ਰਿਸ਼ਵਤ

ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਵਿਰੁੱਧ ਜਾਰੀ ਮੁਹਿੰਮ ਦੌਰਾਨ ਅੱਜ ਪਟਵਾਰੀ ਜਗਜੀਤ ਸਿੰਘ, ਮਾਲ ਹਲਕਾ ਕਲਿਆਣ ਸੁੱਖਾ, ਜਿਲ੍ਹਾ ਬਠਿੰਡਾ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਗ੍ਰਿਫਤਾਰ ਕਰ ਲਿਆ ਗਿਆ।ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਕੁਲਦੀਪ ਸਿੰਘ, ਵਾਸੀ ਪਿੰਡ ਕਲਿਆਣ ਸੁੱਖਾ, ਜਿਲ੍ਹਾ ਬਠਿੰਡਾ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ ਤੇ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਪਿੰਡ ਕਲਿਆਣ ਸੁੱਖਾ ਵਿਖੇ ਕਰੀਬ 6 ਏਕੜ ਵਾਹੀਯੋਗ ਜਮੀਨ ਸਾਂਝੇ ਖਾਤੇ ਦੀ ਹੈ ਅਤੇ ਉਹ ਆਪਣੇ ਹਿੱਸੇ ਆਉਂਦੀ ਇਸ ਜਮੀਨ ਵਿੱਚੋਂ 2 ਕਨਾਲਾਂ ਜਮੀਨ ਦਾ ਤਬਾਦਲਾ ਦੂਸਰੀ ਧਿਰ ਨਾਲ ਕਰਵਾਉਣਾ ਚਾਹੁੰਦਾ ਸੀ। ਜਿਸ ਸੰਬੰਧੀ ਪਟਵਾਰੀ ਜਗਜੀਤ ਸਿੰਘ ਅਤੇ ਉਸਦੇ ਪ੍ਰਾਈਵੇਟ ਸਹਾਇਕ ਬੇਅੰਤ ਸਿੰਘ ਨੇ ਇਹ ਕੰਮ ਕਰਨ ਬਦਲੇ ਮੁੱਦਈ ਕੁਲਦੀਪ ਸਿੰਘ ਪਾਸੋਂ 12,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਪਰ ਜ਼ੋਰ ਪਾਉਣ ਪਿੱਛੋਂ ਸੌਦਾ 10,000 ਰੁਪਏ ਵਿੱਚ ਹੋ ਗਿਆ। ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕੁੱਝ ਦਿਨ ਪਹਿਲਾਂ ਇਹੀ ਪਟਵਾਰੀ ਇਸੇ ਜਮੀਨ ਤੇ ਬੈਂਕ ਲਿਮਟ ਨੂੰ ਫੱਕ ਕਰਨ ਬਦਲੇ ਉਸ ਕੋਲੋਂ 10,000 ਰੁਪਏ ਰਿਸ਼ਵਤ ਹਾਸਲ ਕਰ ਚੁੱਕਾ ਹੈ।

ਬੁਲਾਰੇ ਨੇ ਦੱਸਿਆ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਕਰਨ ਉਪਰੰਤ ਵਿਜੀਲੈਂਸ ਬਿਊਰੋ ਯੂਨਿਟ ਬਠਿੰਡਾ ਨੇ ਜਾਲ ਵਿਛਾਇਆ ਤੇ ਪਟਵਾਰੀ ਜਗਜੀਤ ਸਿੰਘ ਨੂੰ ਸ਼ਿਕਾਇਤਕਰਤਾ ਪਾਸੋਂ 10,000 ਰੁਪਏ ਰਿਸ਼ਵਤ ਲੈਂਦਿਆਂ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਮੌਕੇ ਤੇ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ। ਇਸ ਪਟਵਾਰੀ ਦੇ ਪ੍ਰਾਈਵੇਟ ਸਹਾਇਕ ਬੇਅੰਤ ਸਿੰਘ ਦੀ ਗ੍ਰਿਫਤਾਰੀ ਲਈ ਯਤਨ ਕੀਤੇ ਜਾ ਰਹੇ ਹਨ। ਇਸ ਕੇਸ ਵਿੱਚ ਉੱਕਤ ਦੋਵਾਂ ਮੁਲਜਮਾਂ ਖਿਲਾਫ ਥਾਣਾ ਵਿਜੀਲੈਂਸ ਬਿਊਰੋ, ਬਠਿੰਡਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਰਾਜਗੜ੍ਹ ਵਿਖੇ ਨਵ-ਜੰਮੀਆਂ ਬੱਚੀਆਂ ਦੀ ਲੋਹੜੀ ਮਨਾਈ



ਭਗਤਾ ਭਾਈ ਕਾ -ਸੰਤ ਲਾਲ ਮੁਨੀ ਜੀ ਸਮਾਜ ਸੇਵਾ ਸੁਸਾਇਟੀ ਰਾਜਗੜ੍ਹ ਵੱਲੋਂ ਜਨਰਲ ਧਰਮਸ਼ਾਲਾ ਰਾਜਗੜ੍ਹ ਵਿਖੇ ਸੇਵਾ ਸੁਸਾਇਟੀ ਮੈਂਬਰਾਂ ਅਤੇ ਹੋਰ ਸਹਿਯੋਗੀਆਂ ਦੇ ਸਦਕਾ ਨਵਜੰਮੀਆਂ ਬੱਚੀਆਂ ਦੀ ਲੋਹੜੀ ਮਨਾਈ ਗਈ। ਇਸ ਸਮਾਗਮ ਰਾਹੀਂ ਸੰਦੇਸ਼ ਦੇਣ ਦਾ ਉਪਰਾਲਾ ਕੀਤਾ ਕਿ ਜੇਕਰ ਕੁੜੀਆਂ ਦੀ ਸਹੀ ਦੇਖਭਾਲ ਅਤੇ ਚੰਗੀ ਵਿੱਦਿਆ ਹਾਸਲ ਕਰਵਾਈ ਜਾਵੇ ਤਾਂ ਕੁੜੀਆਂ ਵੀ ਮੁੰਡਿਆਂ ਦੇ ਮੁਕਾਬਲੇ ਮੂਹਰਲੀ ਕਤਾਰ ਵਿੱਚ ਸ਼ਾਮਲ ਹੁੰਦੀਆਂ ਹਨ ।ਇਸ ਮੌਕੇ ਸੇਵਾ ਸੁਸਾਇਟੀ ਦੇ ਆਗੂ ਪਰਮਜੀਤ ਸਿੰਘ ਰਾਜਗੜ੍ਹ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਮੁੰਡੇ ਤੇ ਕੁੜੀ ਦੇ ਭੇਦਭਾਵ ਨੂੰ ਦੂਰ ਕਰਦਿਆਂ ਉਨ੍ਹਾਂ ਨੂੰ ਵੀ ਬਰਾਬਰਤਾ ਦਾ ਪਿਆਰ ਸਤਿਕਾਰ ਦੇਣਾ ਚਾਹੀਦਾ ਹੈ, ਕੁੜੀ ਪੈਦਾ ਹੋਣ ਵੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਲੋਹੜੀਆਂ ਮਨਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ।ਇਸ ਮੌਕੇ ਸੰਸਥਾ ਵੱਲੋਂ ਦਸ ਛੋਟੀਆਂ ਬੱਚੀਆਂ ਨੂੰ ਗਿਫ਼ਟ ਪੈਕ ਦੇ ਕੇ ਸਨਮਾਨਿਤ ਕੀਤਾ ਗਿਆ । ਸੇਵਾ ਸੁਸਾਇਟੀ ਦੇ ਵਾਈਸ ਪ੍ਰਧਾਨ ਗੁਰਜੀਤ ਸਿੰਘ ਸਾਬਕਾ ਸਰਪੰਚ ਰਾਜਗੜ੍ਹ ਵੱਲੋਂ ਪਹੁੰਚੀਆਂ ਬਾਲੜੀਆਂ ਤੇ ਮਾਵਾਂ ਅਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ ।ਇਸ ਮੌਕੇ ਹਰਜਿੰਦਰ ਕੌਰ ਸਰਪੰਚ ਰਾਜਗੜ੍ਹ, ਜਗਰੂਪ ਸਿੰਘ ਪਟਵਾਰੀ, ਦੀਪਕ ਸ਼ਰਮਾ, ਸੁਖਦੀਪ ਸਿੰਘ ਟੇਲਰ ,ਸੁਖਜਿੰਦਰ ਸਿੰਘ ਸੋਨਾ ,ਮਹੇਸ਼ਇੰਦਰ ਸਿੰਘ ਤੂਰ, ਜਗਪਾਲ ਸਿੰਘ ਬਰਾੜ ,ਹਰਦੇਵ ਸਿੰਘ ਤੂਰ, ਯਾਦਵਿੰਦਰ ਸਿੰਘ ਯਾਦੂ ,ਬਿੰਦਰ ਸਿੰਘ ,ਸਿੰਦਰ ਕੌਰ ਆਂਗਣਵਾੜੀ ਵਰਕਰ ,ਚਰਨਜੀਤ ਕੌਰ ਆਸਾ ਵਰਕਰ, ਪਰਮਜੀਤ ਕੌਰ ਆਸਾ ਵਰਕਰ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਤਿਆਰ ਦੇ ਮੱਦੇਨਜ਼ਰ ਸਪੈਸ਼ਲ ਕੈਂਪ 15 ਜਨਵਰੀ ਨੂੰ

ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸਾ-ਨਿਰਦੇਸ਼ਾਂ ਅਨੁਸਾਰ ਰਿਵਾਈਜਿੰਗ ਅਥਾਰਟੀ ਅਫ਼ਸਰ 33 ਬਠਿੰਡਾ ਬੋਰਡ ਚੋਣ ਹਲਕਾ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ-ਕਮ-ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਮੈਡਮ ਇਨਾਯਤ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਤਿਆਰ ਦੇ ਮੱਦੇਨਜ਼ਰ 15 ਜਨਵਰੀ 2024 ਨੂੰ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ 92 ਬਠਿੰਡਾ ਸ਼ਹਿਰੀ ਵਿਧਾਨ ਸਭਾ ਚੋਣ ਹਲਕੇ ਦੇ ਸਮੂਹ ਬੀ.ਐਲ.ਓਜ਼ ਦੁਆਰਾ ਪਟਵਾਰੀਆਂ ਅਤੇ ਨਗਰ ਨਿਗਮ/ਨਗਰ ਕੌਂਸਲ ਦੇ ਕਰਮਚਾਰੀਆਂ ਦੇ ਸਹਿਯੋਗ ਲਈ ਚੋਣਾਂ ਸਬੰਧੀ ਹਰ ਇੱਕ ਪੋਲਿੰਗ ਸਟੇਸ਼ਨ ਤੇ ਸਪੈਸ਼ਲ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਮੈਡਮ ਇਨਾਯਤ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਸ ਕੈਂਪ ਦੌਰਾਨ ਪ੍ਰਾਪਤ ਹੋਏ ਫ਼ਾਰਮ ਨਗਰ ਨਿਗਮ/ਹਲਕਾ ਕੌਂਸਲ ਦੇ ਪਾਸ ਜਮ੍ਹਾਂ ਕਰਵਾਉਣੇ ਯਕੀਨੀ ਬਣਾਏ ਜਾਣ।

# ਗਰਭਵਤੀ ਔਰਤਾਂ ਦਾ ਕੀਤਾ ਚੈਕਅੱਪ



ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਕੇਂਦਰ ਸਰਕਾਰ ਵੱਲੋਂ ਚਲਾਏ ਗਏ ਪ੍ਰੋਗਰਾਮ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿ ਅਿ ਭਆਨ ਅਧੀਨ ਸਿਵਲ ਸਰਜਨ ਦੀਆਂ ਹਦਾਇਤਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਭਗਤਾ ਭਾਈਕਾ ਵਿਖੇ ਗਰਭਵਤੀ ਔਰਤਾਂ ਲਈ ਵਿਸ਼ੇਸ ਤੌਰ 'ਤੇ ਕੈਂਪ ਲਗਾਇਆ ਗਿਆ ।ਇਸ ਕੈਪ ਦੌਰਾਨ ਔਰਤਾਂ ਦੇ ਮਾਹਰ ਡਾਕਟਰ ਮਨਜੋਤ ਕੌਰ ਵੱਲੋਂ ਗਰਭਵਤੀ ਔਰਤਾਂ ਦੀ ਜਾਂਚ ਕੀਤੀ ਗਈ । ਇਸ ਮੌਕੇ ਐਲ.ਐਚ.ਵੀ. ਸੀਨਾ ਬੀਬੀ, ਐਮ.ਪੀ.ਐਚ.ਡਵਲਯੂ ਫੀਮੇਲ ਰਾਜਵੀਰ ਕੌਰ, ਬਲਵਿੰਦਰ ਕੌਰ ਗੁਰਵਿੰਦਰ ਸਿੰਘ ਸਟਾਫ਼ ਨਰਸ ਅਤੇ ਚਰਨਜੀਤ ਕੌਰ ਵੱਲੋਂ ਵੀ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ । ਇਸ ਦੌਰਾਨ ਐਮ.ਐਲ.ਟੀ. ਜਗਦੀਪ ਸਿੰਘ, ਸੁਨੀਤਾ ਰਾਣੀ ਅਤੇ ਕੌਂਸਲਰ ਕੇਵਲ ਕ੍ਰਿਸ਼ਨ ਵੱਲੋਂ ਟੈਸਟ ਕੀਤੇ ਗਏ ਜਦੋਂਕਿ ਦਵਾਈਆਂ ਦੀ ਵੰਡ ਫ਼ਰਮਾਸਿਸਟ ਬਲਜਿੰਦਰ ਸਿੰਘ ਅਤੇ ਮਲਕੀਤ ਸਿੰਘ ਵੱਲੋਂ ਕੀਤੀ ਗਈ ।ਇਸ ਦੌਰਾਨ ਸੰਬੋਧਨ ਕਰਦੇ ਹੋਏ ਐਲ.ਐਚ.ਵੀ. ਸੀਨਾ ਬੀਬੀ ਨੇ ਅਪੀਲ ਕੀਤੀ ਕਿ ਗਰਭਵਤੀ ਔਰਤਾਂ ਨੂੰ ਆਪਣੀ ਖ਼ੁਰਾਕ ਵਿੱਚ ਹਰੀਆਂ ਪੱਤੇਦਾਰ ਸਬਜੀਆਂ, ਆਂਡੇ,ਮੀਟ, ਗੁੜ ਅਤੇ ਭੁੱਜੇ ਛੋਲੇ ਸਾਮਿਲ ਕਰਨ । ਇਸ ਦੌਰਾਨ ਡਾਕਟਰ ਮਨਜੋਤ ਕੌਰ ਨੇ ਕਿਹਾ ਕਿ ਆਉਣ ਵਾਲੇ 23 ਜਨਵਰੀ ਦੇ ਕੈਂਪ ਦੌਰਾਨ ਪਹੁੰਚ ਕੇ, ਗਰਭਵਤੀ ਔਰਤਾਂ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ।

# ਭਾਸ਼ਾ ਵਿਭਾਗ ਦੇ 76ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਕਰਵਾਈ ਸਾਹਿਤਕ ਮਿਲਣੀ



ਬਠਿੰਡਾ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਭਾਸ਼ਾ ਵਿਭਾਗ ਪੰਜਾਬ, ਜ਼ਿਲ੍ਹਾ ਬਠਿੰਡਾ ਵੱਲੋਂ ਭਾਸ਼ਾ ਵਿਭਾਗ ਦੇ 76ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਸਾਹਿਤਕ ਮਿਲਣੀ ਸਥਾਨਕ ਮਹਾਤਮਾ ਗਾਂਧੀ ਲੋਕ ਰਾਜ ਪ੍ਰਸ਼ਾਸਨ ਸੰਸਥਾਨ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਠਿੰਡਾ ਵਿਖੇ ਕਰਵਾਈ ਗਈ, ਜਿਸ ਵਿੱਚ ਬਠਿੰਡਾ ਜ਼ਿਲ੍ਹੇ ਦੇ ਉੱਘੇ ਸਾਹਿਤਕਾਰਾਂ ਨੇ ਸ਼ਮੂਲੀਅਤ ਕੀਤੀ। ਮਿਲਣੀ ਰਾਹੀਂ ਸਾਹਿਤਕਾਰਾਂ ਨੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਸਮਾਗਮ ਵਿੱਚ ਚੰਦ ਸਿੰਘ ਸਦਿਉੜਾ, ਕਾਲਮ ਨਵੀਸ ਪੰਜਾਬੀ ਨੈਸ਼ਨਲ ਅਖ਼ਬਾਰ, ਕੈਨੇਡਾ ਨੇ ਸਤਿਕਾਰਤ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੁਆਗਤੀ ਭਾਸ਼ਣ ਰਾਹੀਂ ਕੀਰਤੀ ਕਿਰਪਾਲ ਜ਼ਿਲ੍ਹਾ ਭਾਸ਼ਾ ਅਫ਼ਸਰ ਬਠਿੰਡਾ ਨੇ ਕਿਹਾ ਕਿ ਇਸ ਮਿਲਣੀ ਦਾ ਮੂਲ ਮਕਸਦ ਭਾਸ਼ਾ ਵਿਭਾਗ ਦੇ 76ਵੇਂ ਸਥਾਪਨਾ ਦਿਵਸ 'ਤੇ ਸਤਿਕਾਰਤ ਸਾਹਿਤਕਾਰਾਂ ਦੇ ਪੰਜਾਬੀ ਭਾਸ਼ਾ ਨੂੰ ਅੱਜ ਦੇ ਤਕਨੀਕੀ ਯੁੱਗ ਦਾ ਹਾਣੀ ਬਣਾਉਣ ਸਬੰਧੀ ਵਿਚਾਰਾਂ ਤੋਂ ਜਾਣੂ ਹੋਣਾ ਹੈ। ਉਨ੍ਹਾਂ ਇਹ ਵੀ ਕਿਹਾ ਪੰਜਾਬੀ ਬੋਲੀ ਦੇ ਉਪਾਸਕ ਬੁੱਧੀਜੀਵੀ ਵਰਗ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ ਤਾ ਕਿ ਇਸ ਦੀ ਪ੍ਰਫੁੱਲਤਾ ਲਈ ਹੰਭਲਾ ਮਾਰਿਆ ਜਾ ਸਕੇ। ਚੰਦ ਸਿੰਘ ਸਦਿਉੜਾ ਨੇ ਪੰਜਾਬੀ ਡਾਇਸਪੋਰਾ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪਸਾਰ ਸਬੰਧੀ ਕੀਤੀਆਂ ਅਣਥੱਕ ਕੋਸ਼ਿਸ਼ਾਂ ਦਾ ਜ਼ਿਕਰ ਕੀਤਾ।ਇਸ ਦੌਰਾਨ ਸਾਹਿਤਕਾਰਾਂ ਵਿੱਚੋਂ ਕਵਿੱਤਰੀ ਅਤੇ ਪ੍ਰੋਫੈਸਰ ਨੀਤੂ ਅਰੋੜਾ ਨੇ ਵਿਚਾਰ ਰੱਖਦਿਆਂ ਕਿਹਾ ਕਿ ਜੇ ਪੰਜਾਬੀ ਬੋਲੀ ਨੂੰ ਅਗਾਂਹ ਲੈ ਕੇ ਆਉਣਾ ਹੈ ਤਾਂ ਇਸ ਨੂੰ ਰੁਜ਼ਗਾਰ ਅਤੇ ਬਜ਼ਾਰ ਦੀ ਭਾਸ਼ਾ ਬਣਾਉਣ ਦੇ ਨਾਲ਼-ਨਾਲ਼ ਇਸਨੂੰ ਕੰਪਿਊਟਰਾਈਜ਼ਡ ਕਰਨਾ ਪਵੇਗਾ।

ਉੱਘੇ ਗੀਤਕਾਰ ਮਨਪ੍ਰੀਤ ਸਿੰਘ ਟਿਵਾਣਾ ਦੇ ਵਿਚਾਰ ਮੁਤਾਬਕ ਇਸ ਨੂੰ ਵਪਾਰ ਮੰਡਲ ਅਤੇ ਹੋਰ ਅਜਿਹੇ ਅਦਾਰਿਆਂ ਨਾਲ਼ ਲੋਕ ਮਿਲਣੀਆਂ ਦੇ ਰੂਪ ਵਿੱਚ ਮੀਟਿੰਗਾਂ ਰਾਹੀਂ ਉਹਨਾਂ ਦੀਆਂ ਦੁਕਾਨਾਂ ਦੇ ਨੀਮ ਬੋਰਡ ਪੰਜਾਬੀ ਵਿੱਚ ਕਰਵਾ ਕੇ ਮਾਂ-ਬੋਲੀ ਦੀ ਪ੍ਰਫੁੱਲਤਾ ਲਈ ਕੰਮ ਕੀਤਾ ਜਾ ਸਕਦਾ ਹੈ।ਕੁਲਦੀਪ ਸਿੰਘ ਬੰਗੀ ਨੇ ਇਸ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਲਾਗੂ ਕਰਵਾਉਣ 'ਤੇ ਜ਼ੋਰ ਦਿੱਤਾ। ਇਹਨਾਂ ਤੋਂ ਇਲਾਵਾ ਹੋਰਨਾਂ ਸਾਹਿਤਕਾਰਾਂ ਵਿੱਚੋਂ ਨਰੂਲਾ, ਮਲਕੀਤ ਸਿੰਘ ਮਛਾਣਾ, ਰਾਮ ਸਿੰਘ ਸੇਖੋਂ, ਬੱਬਲਦੀਪ ਸਿੰਘ, ਅੰਮ੍ਰਿਤਪਾਲ ਕੌਰ, ਦਵੀ ਸਿੱਧੂ ਅਤੇ ਸ਼ਮਸ਼ੇਰ ਸਿੰਘ ਮੱਲੀ ਹੁਰਾਂ ਨੇ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ।

ਮੰਚ ਸੰਚਾਲਨ ਲਛਮਣ ਸਿੰਘ ਮਲੂਕਾ ਅਤੇ ਅਮਨ ਦਾਤੇਵਾਸੀਆ ਵੱਲੋਂ ਕੀਤਾ ਗਿਆ।ਅੰਤ ਵਿੱਚ ਮਨਦੀਪ ਸਿੰਘ,ਰੀਜਨਲ ਪ੍ਰੋਜੈਕਟ ਡਾਇਰੈਕਟਰ ਮਗਸੀਪਾ ਸੈਂਟਰ ਬਠਿੰਡਾ ਨੇ ਆਏ ਹੋਏ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ।

# ਅਕਾਲੀ ਦਲ (ਬਾਦਲ) ਨੇ ਤਲਵੰਡੀ ਸਾਬੋ ਵਿਖੇ ਮੁੱਖ ਦਫ਼ਤਰ ਦੇ ਉਦਘਾਟਨ ਮੌਕੇ ਧਾਰਮਿਕ ਸਮਾਗਮ ਕਰਵਾਇਆ

ਰਾਮਾਂ ਮੰਡੀ ,
-ਰੋਜ਼ਾਨਾ ਸਵੇਰਾ-

ਸਥਾਨਕ ਸ਼ਹਿਰ ਰਾਮਾਂ ਵਿਖੇ ਸਥਿਤ ਸਟਾਰ ਪਲੱਸ ਕਾਨਵੈਂਟ ਸਕੂਲ ਦੇ ਵਿਦਿਆਰਥੀ ਦਕਸ਼ ਬਾਘਲਾ ਨੇ ਨੇਪਾਲ (ਕੱਠਮਾਂਡੂ )ਵਿੱਚ ਹੋਈ ਪੰਜਵੀਂ ਗੋਜੂ ਰਿਊ ਕਰਾਟੇ ਚੈਂਪੀਅਨਸ਼ਿਪ 2023 ਓਪਨ ਜੂਨੀਅਰ ਕੈਟਾਗਰੀ ਵਿੱਚ ਭਾਗ ਲਿਆ।

31 ਦਸੰਬਰ 2023 ਨੂੰ ਹੋਈ ਇਸ ਚੈਂਪੀਅਨਸ਼ਿਪ ਵਿੱਚ ਚਾਰ ਦੇਸ਼ਾਂ ਭਾਰਤ, ਭੂਟਾਨ, ਬੰਗਲਾਦੇਸ਼ ਅਤੇ ਨੇਪਾਲ ਨੇ ਭਾਗ ਲਿਆ ਅਤੇ ਭਾਰਤ ਦੇ 65 ਖਿਡਾਰੀਆਂ ਨੇ ਹਿੱਸਾ ਲਿਆ ਜਿਸ ਵਿੱਚੋਂ 24 ਮੈਡਲ ਭਾਰਤ ਦੇ ਹਿੱਸੇ ਆਏ ਤੇ ਉਹਨਾਂ ਵਿੱਚੋਂ ਹੋਣਹਾਰ ਵਿਦਿਆਰਥੀ ਦਕਸ਼ ਬਾਘਲਾ ਦੁਆਰਾ ਚੰਗੀ ਖੇਡ ਦਾ ਪ੍ਰਦਰਸ਼ਨ ਕਰਕੇ ਸਿਲਵਰ ਮੈਡਲ ਹਾਸਲ ਕੀਤਾ ਗਿਆ। ਦਕਸ਼ ਬਾਘਲਾ ਨੇ ਜਿੱਤ ਦਾ ਸਿਹਰਾ ਆਪਣੇ ਮਾਪਿਆਂ ਅਤੇ ਸਕੂਲ ਮੈਨੇਜਮੈਂਟ ਕਮੇਟੀ ਤੋਂ ਇਲਾਵਾ ਆਪਣੇ ਕੋਚ ਕਰਨ ਸਿੰਘ ਚੌਹਾਨ ਨੂੰ ਦਿੱਤਾ, ਜਿਨਾਂ ਵੱਲੋਂ ਕਰਵਾਈ ਗਈ ਸਖ਼ਤ ਮਿਹਨਤ ਦੀ ਬਦੌਲਤ ਅੱਜ ਉਹ ਮੈਡਲ ਹਾਸਲ ਕਰਨ ਵਿੱਚ ਕਾਮਯਾਬ ਹੋਇਆ ਹੈ।

ਉਸਨੇ ਕਿਹਾ ਕਿ ਉਹ ਰੋਜ਼ਾਨਾ ਕਰਾਟੇ ਦੀ ਪ੍ਰੈਕਟਿਸ ਕਰਦਾ ਹੈ ਤੇ ਉਸ ਦਾ ਟੀਚਾ ਹੈ ਕਿ ਉਹ ਸਖ਼ਤ ਮਿਹਨਤ ਨਾਲ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਆਪਣੇ ਦੇਸ਼, ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕਰ ਸਕੇ।ਸਕੂਲ ਚੇਅਰਮੈਨ ਸ੍ਰੀ ਵਿਜੇ ਕੁਮਾਰ ਲਹਿਰੀ ਜੀ ਨੇ ਕਿਹਾ ਕਿ ਵਿਦੇਸ਼ੀ ਧਰਤੀ ਤੇ ਖੇਡਾਂ ਵਿੱਚ ਮੈਡਲ ਹਾਸਲ ਕਰਨਾ ਬਹੁਤ ਮੁਸ਼ਕਿਲ ਹੈ ਕਿਉਂਕਿ ਵਿਦੇਸ਼ੀ ਧਰਤੀ ਤੇ ਖੇਡਣ ਲਈ ਮਨੋਬਲ ਅਤੇ ਆਤਮਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ ਪਰ ਦਕਸ਼ ਬਾਘਲਾ ਨੇ ਆਪਣੀ ਸਖ਼ਤ ਮਿਹਨਤ ਅਤੇ ਲਗਨ ਸਦਕਾ ਆਪਣੇ ਵਿਰੋਧੀਆਂ ਨੂੰ ਹਰਾ ਕੇ ਇਹ ਮੁਕਾਮ ਹਾਸਲ ਕੀਤਾ ਹੈ ।

ਜਿਸ ਕਰਕੇ ਉਹ ਵਧਾਈ ਦਾ ਪਾਤਰ ਹੈ। ਸਾਨੂੰ ਇਸ ਵਿਦਿਆਰਥੀ ਤੇ ਮਾਣ ਹੈ ਜਿਸ ਨੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ 'ਤੇ ਸਕੂਲ ਚੇਅਰਮੈਨ ਸ੍ਰੀ ਵਿਜੇ ਕੁਮਾਰ ਲਹਿਰੀ ਜੀ, ਪ੍ਰਧਾਨ ਸ੍ਰੀ ਤੇਲੂ ਰਾਮ ਲਹਿਰੀ ਜੀ, ਫਾਇਨਾਂਸ ਸੈਕਟਰੀ ਸ੍ਰੀ ਭੂਸ਼ਨ ਕੁਮਾਰ ਲਹਿਰੀ ਜੀ, ਪ੍ਰਿੰਸੀਪਲ ਮੈਡਮ ਸ੍ਰੀਮਤੀ ਮੋਨਿਕਾ ਧੀਮਾਨ ਅਤੇ ਸਮੂਹ ਸਕੂਲ ਸਟਾਫ਼ ਨੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਮੁੱਖ ਮੰਤਰੀ ਅਵਾਸ 'ਤੇ ਅਨੋਖੇ ਅੰਦਾਜ਼ ਵਿਚ ਮਨਾਇਆ ਗਿਆ ਮਕਰ ਸੰਕ੍ਰਾਂਤੀ ਦਾ ਉਤਸਵ

## ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ , ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਤੇ ਮੁੱਖ ਮੰਤਰੀ ਮਨੋਹਰ ਲਾਲ ਨੇ ਬੱਚਿਆਂ ਦੇ ਨਾਲ ਲਿਆ ਭਜਨ ਸੰਧਿਆ ਦਾ ਆਨੰਦ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਮਕਜ ਸੰਕ੍ਰਾਂਤੀ ਦੇ ਪਾਵਨ ਪਰਵ 'ਤੇ ਅੱਜ ਮੁੱਖ ਮੰਤਰੀ ਆਵਾਸ ਰਾਮਮਈ ਨਜਰ ਆਇਆ। ਇਸ ਮੌਕੇ ਨੂੰ ਹੋਰ ਵੀ ਖਾਸ ਬਨਾਉਣ ਲਈ ਸੰਤ ਕਬੀਰ ਕੁਟੀਰ 'ਤੇ ਸ੍ਰੀ ਰਾਮ ਭਜਨ ਸੰਧਿਆ ਦਾ ਪ੍ਰਬੰਧ ਕੀਤਾ ਗਿਆ। ਇਸ ਪ੍ਰੋਗ੍ਰਾਮ ਦੀ ਖਾਸ ਗੱਲ ਇਹ ਰਹੀ ਕਿ ਸੂਬੇ ਦੇ ਅੰਤੋਂਦੇਯ ਪਰਿਵਾਰਾਂ ਦੇ ਬੱਚਿਆਂ ਨੂੰ ਵਿਸ਼ੇਸ਼ ਰੂਪ ਨਾਲ ਸੱਦਾ ਦਿੱਤਾ ਗਿਆ। ਭਜਨ ਸੰਧਿਆ ਵਿਚ ਹਰਿਆਣਾ ਦੇ ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ, ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸਾਸ਼ਕ ਸ੍ਰੀ ਬਨਵਾਰੀ ਲਾਲ ਪਰੋਹਿਤ ਅਤੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਬੱਚਿਆਂ ਦੇ ਨਾਂਲ ਮਕਰ ਸੰਕ੍ਰਾਂਤੀ ਦਾ ਤਿਉਹਾਰ ਮਨਾਇਆ।

ਨਜਨ ਸੰਧਿਆ ਵਿਚ ਪ੍ਰਸਿੱਦ ਭਜਨ ਗਾਇਕ ਕੰਨੈਯਾ ਮਿੱਤਲ ਨੇ ਆਪਣੇ ਭਜਨਾ ਦੀ ਵਿਸ਼ੇਸ਼ ਪੇਸ਼ਗੀ ਦਿੱਤੀ। ਅੰਤੋਂਦੇਯ ਪਰਿਵਾਰਾਂ ਦੇ ਬੱਚਿਆਂ ਨੇ ਆਪਣੀ ਖੁਸ਼ੀ ਵਿਅਕਤ ਕਰਦੇ ਹੋਏ ਕਿਹਾ ਕਿ ਇਹ ਮਕਰ ਸੰਕ੍ਰਾਂਤੀ ਉਨ੍ਹਾਂ ਦੇ ਜੀਵਨ ਵਿਚ ਸਦਾ ਯਾਦਗਾਰ ਰਹੇਗੀ। ਉੱਥੇ ਉਨ੍ਹਾਂ ਦੇ ਦਿਲਾਂ ਵਿਚ ਇਕ ਵਿਸ਼ੇਸ਼ ਸਥਾਨ ਬਣਾਏ ਰੱਖੇਗੀ। ਉਨ੍ਹਾਂ ਨੇ ਕਦੀ ਨਹੀਂ ਸੋਚਿਆ ਸੀ ਕਿ ਉਨ੍ਹਾਂ ਦੇ ਜੀਵਨ ਵਿਚ ਕਦੀ ਅਜਿਹਾ ਲੰਮ੍ਹਾ ਆਵੇਗਾ ਜਦੋਂ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਆਵਾਸ 'ਤੇ ਜਾਣ ਦਾ ਮੌਕਾ ਮਿਲੇਗਾ। ਮੁੱਖ ਮੰਤਰੀ ਨੂੰ ਆਪਣੇ ਵਿਚ ਪਾ ਕੇ ਬੱਚੇ ਖੁਸ਼ੀ ਨਾਲ ਝੂਮਦੇ ਨਜਰ ਆਏ।

ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਮਕਰ ਸੰਕ੍ਰਾਂਤੀ ਦੀ ਵਧਾਈ ਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਹਿੰਦੂ, ਸੰਸਕ੍ਰਿਤ ਦੇ ਅਨੁਸਾਰ ਮਕਰ ਸੰਕ੍ਰਾਂਤੀ ਦਾ ਇਹ ਦਿਨ ਵਿਸ਼ੇਸ਼ ਮਹਤੱਵ ਰੱਖਦਾ ਹੈ, ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਦਿਨ ਤੋਂ ਸੂਰਜ ਦੀ ਕਿਰਣ ਉੱਤਰ ਦੇ ਵੱਲ ਆਉਂਦੀ ਹੈ, ਜਿਸ ਦਾ ਅਰਥ ਹੁੰਦਾ ਹੈ ਕਿ ਅੰਧਕਾਰ ਤੋਂ ਚਾਨਣ ਦੇ ਵੱਲ ਵੱਧਣਾ।

ਮੁੱਖ ਮੰਤਰੀ ਨੇ ਕਿਹਾ ਕਿ 22 ਜਨਵਰੀ ਨੂੰ ਭਗਵਾਨ ਸ੍ਰੀ ਰਾਮ ਲੱਲਾ ਸ੍ਰੀਰਾਮ ਮੰਦਿਰ ਵਿਚ ਵਿਰਾਜਮਾਨਹੋਣਗੇ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਅਪੀਲ ਕੀਤੀ ਹੈ ਕਿ ਤੋਂ ਹੀ ਪੂਰੇ ਦੇਸ਼ ਵਿਚ ਵਾਤਾਵਰਣ ਨੂੰ ਰਾਮਮਈ ਕਰਨਾ ਹੈ। ਇਸ ਲਈ ਮੰਦਿਰਾਂ ਵਿਚ ਸਵੱਛਤਾ ਤੇ ਸੁੰਦਰ ਬਣਾਏ ਰੱਖਣ।

ਇਹ ਪਹਿਲਾ ਮੌਕਾ ਹੈ ਕਿ ਜਦੋਂ ਸੂਬੇ ਦੇ ਕਿਸੇ ਮੁੱਖ ਮੰਤਰੀ ਨੇ ਸਮਾਜ ਦੇ ਆਖੀਰੀ ਪਾਇਦਾਨ ਦੇ ਆਖੀਰੀ ਲਾਇਨ ਵਿਚ ਖੜੇ ਪਰਿਵਾਰਾਂ ਦੇ ਬੱਚਿਆਂ ਨੂੰ ਆਪਣੇ ਆਵਾਸ 'ਤੇ ਮਕਰ ਸੰਕ੍ਰਾਂਤੀ ਦੇ ਪਵਿੱਤਰ ਉਤਸਵ ਦੇ ਲਈ ਸੱਦਾ ਦਿੱਤਾ ਹੈ। ਇਸ ਦਿਨ ਦੀ ਯਾਦ ਬਿਨ੍ਹਾਂ ਸ਼ੱਕ ਅੰਤੋਂਦੇਯ ਪਰਿਵਾਰਾਂ ਦੇ ਬੱਚਿਆਂ ਦੇ ਦਿਲਾਂ ਵਿਚ ਬਣੀ ਰਹੇਗੀ ਅਤੇ ਉਨ੍ਹਾਂ ਨੂੰ ਯਾਦ ਦਿਵਾਏਗੀ ਕਿ ਉਹ ਵੀ ਸਮਾਜਿਕ ਤਾਨੇ-ਬਾਨੇ ਦਾ ਇਕ ਅਭਿੰਨ ਅੰਗ ਹਨ। ਇਸ ਮੌਕੇ 'ਤੇ ਸਾਰੇ ਮਾਣਯੋਗ ਮਹਿਮਾਨਾਂ ਨੇ ਬੱਚਿਆਂ ਨੂੰ ਕਪੜੇ, ਮੂੰਗਫਲੀ, ਰੇਵੜੀਆਂ ਤੇ ਹੋਰ ਉਪਹਾਰ ਭੇਂਟ ਕੀਤੇ। ਭਜਨ ਸੰਧਿਆ ਦੌਰਾਨ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਵੀ ਹਰ ਬਾਲਾ ਦੇਵੀ ਦੀ ਪ੍ਰਤਿਮਾ , ਬੱਚਾ ਬੱਚਾ ਰਾਮ ਹੇ ਭਜਨ ਸੁਣਾਇਆ। ਉਨ੍ਹਾਂ ਨੇ ਇਸ ਭਜਨ ਨੂੰ ਅੰਤੋਂਦੇਯ ਪਰਿਵਾਰਾਂ ਦੇ ਬੱਚਿਆਂ ਨੂੰ ਸਮਰਪਿਤ ਕੀਤਾ।ਪ੍ਰਸਿੱਦ ਭਜਨ ਗਾਇਕ ਕੰਨੈਯਾ ਮਿੱਤਲ ਨੇ ਭਜਨ ਸੰਧਿਆ ਵਿਚ ਦਰਸ਼ਕਾਂ ਨੂੰ ਕੀਤਾ ਮੰਤਰਮੁਗੰਧ ਸ੍ਰੀਰਾਮ ਭਜਨ ਸੰਧਿਆ ਵਿਚ ਪ੍ਰਸਿੱਦ ਭਜਨ ਗਾਇਕ ਕੰਨੈਯਾ ਮਿੱਤਲ ਨੇ ਆਪਣੀ ਵਿਸ਼ੇਸ਼ ਪੇਸ਼ਗੀ ਦਿੱਤੀ। ਉਨ੍ਹਾਂ ਨੇ ਅਵਧ ਵਿਚ ਆਏ ਹਨ ਸ੍ਰੀਰਾਮ ਅਯੋਧਿਆ ਸਜ ਗਈ, ਹਬਣ ਨਾ ਦੇਰ ਲਗਾਓ ਰਾਮ ਜੀ, ਭਗਵਾਧਾਰੀ ਛਾ ਗਏ ਅਤੇ ਤੰਬੂ ਤੋਂ ਮਹਲਾਂ ਵਿਚ ਆ ਗਏ ਮੇਰੀ ਝੋਂਪੜੀ ਦੇ ਨਾਗ ਆਜ ਖੁੱਲ ਜਾਏਗੇ , ਰਾਮ ਆਏਗੇ ਵਰਗੇ ਵੱਖ-ਵੱਖ ਭਕਤੀ ਗੀਤਾਂ ਦੀ ਭਾਵਪੂਰਨ ਪੇਸ਼ਗੀਆਂ ਦਿੱਤੀਆਂ ਅਤੇ ਮੌਜੂਦ ਲੋਕਾਂ ਨੂੰ ਮੰਤਰਮੁਗਧ ਕਰ ਦਿੱਤਾ, ਜਿਸ ਨਾ ਪੂਰਾ ਵਾਤਾਵਰਦ ਭਗਤੀਮਈ ਨਜਰ ਆਇਆ।

ਇਸ ਮੌਕੇ 'ਤੇ ਹਰਿਆਣਾ ਵਿਧਾਨਸਭਾ ਸਪੀਕਰ ਗਿਆਨ ਚੰਦ ਗੁਪਤਾ, ਸੀਨੀਅਰ ਭਾਜਪਾ ਨੇਤਾ ਸੰਜੈ ਟੰਡਨ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਐਡਵੋਕੇਟ ਜਨਰਲ ਬਲਦੇਵ ਰਾਜ ਮਹਾਜਨ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਪੁਲਿਸ ਮਹਾਨਿਦੇਸ਼ਕ ਸ਼ਤਰੂਜਪਤ ਕਪੂਰ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰਕ ਵਿਭਾਗ ਦੇ ਮਹਾਨਿਦੇਸ਼ਕ ਮਨਦੀਪ ਸਿੰਘ ਬਰਾੜ, ਵੱਖ-ਵੱਖ ਵਿਭਾਂਗਾਂ ਦੇ ਪ੍ਰਸਾਸ਼ਨਿਕ ਸਕੱਤਰ, ਸਾਬਕਾ ਆਈਏਐਸ (ਸੇਵਾਮੁਕਤ) ਅਧਿਕਾਰੀ, ਆਈਪੀਐਸ ਅਧਿਕਾਰੀ ਮੌਜੂਦ ਰਹੇ।

## ਮੁੱਖ ਮੰਤਰੀ ਮਨੋਹਰ ਲਾਲ ਨੇ ਕਰਨਾਲ ਵਿਚ ਐਡਵੋਕੇਟਸ ਦੇ ਨਵੇਂ ਚੈਂਬਰ ਕੰਪਲੈਕਸ ਦੀ ਰੱਖਿਆ ਨੀਂਹ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਐਤਵਾਰ ਨੂੰ ਕਰਨਾਲ ਵਿਚ ਐਡਵੋਕੇਟਸ ਦੇ ਲਈ ਨਵੇਂ ਚੈਂਬਰ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ। ਇਸ ਦੌਰਾਨ ਉਨ੍ਹਾਂ ਨੇ ਇਸ ਕੰਪਲੈਕਸ ਦੇ ਫੰਡ ਵਿਚ ਆਪਣੇ ਵੱਲੋਂ 31 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ 'ਤੇ ਕਰਨਾਲ ਦੇ ਜਿਲ੍ਹਾ ਅਤੇ ਸੈਸ਼ਨ ਜੱਜ ਸ੍ਰੀ ਚੰਦਰ ਸ਼ੇਖਰ ਵੀ ਮੌਜੂਦ ਰਹੇ। ਉਨ੍ਹਾਂ ਨੇ ਗੁਲਦਸਤਾ ਦੇ ਕੇ ਮੁੱਖ ਮੰਤਰੀ ਮਨੋਹਰ ਲਾਲ ਦਾ ਸਵਾਗਤ ਕੀਤਾ।

ਪ੍ਰੋਗ੍ਰਾਮ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਟ੍ਰਾਂਸਫੋਰਟ ਡਿਪਾਰਟਮੈਂਟ ਦੀ 1 ਏਕੜ ਜਮੀਨ ਐਡਵੋਕੇਟਸ ਦੇ ਨਵੇਂ ਚੈਂਬਰ ਬਣਾਏ ਜਾਣ ਲਈ ਸਰਕਾਰ ਵੱਲੋਂ ਦਿੱਤੀ ਗਈ ਹੈ। ਇੱਥੇ 260 ਚੈਂਬਰ ਬਣਨਗੇ। ਇਸ ਨਾਲ ਕਾਫੀ ਐਡਵੋਕੇਟਸ ਨੂੰ ਤਾਂ ਲਾਭ ਮਿਲੇਗਾ ਹੀ ਨਾਲ ਆਮ ਜਨਤਾ ਨੂੰ ਵੀ ਲਾਭ ਮਿਲੇਗਾ। ਉਨ੍ਹਾਂ ਨੇ ਇਸ ਨਵੇਂ ਕੰਪਲੈਕਸ ਲਹੀ ਸਾਰੇ ਐਡਵੋਕੇਟਸ ਨੂੰ ਲੈ ਕੇ ਜਲਦੀ ਤੋਂ ਜਲਦੀ ਕੋਈ ਹੱਲ ਕੱਢਣ ਦਾ ਵੀ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਆਮਜਨਤਾ ਨੂੰ ਮਕਰ ਸੰਕ੍ਰਾਂਤੀ ਦੀ ਵੀ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਸ ਦਿਨ ਸੂਰਿਆ ਦੱਖਣ ਤੋਂ ਉੱਤਰ ਦੇ ਵੱਲ ਵੱਧਦਾ ਹੈ। ਸਾਡੇ ਜੀਵਨ ਨੂੰ ਹਨੇਰੇ ਤੋਂ ਉਜਾਲੇ ਦੇ ਵੱਲ ਲੈ ਜਾਣ ਦਾ ਦਿਨ ਹੈ। ਮੇਰੀ ਕਾਮਨਾ ਹੈ ਕਿ ਪੂਰੇ ਦੇਸ਼ ਤੇ ਸੂਬਾਵਾਸੀਆਂ ਦੇ ਜੀਵਨ ਵਿਚ ਸੁੱਖ ਤੇ ਖੁਸ਼ਹਾਲੀ ਆਉਣ। ਪ੍ਰੋਗ੍ਰਾਮ ਵਿਚ ਬਾਰ ਏਸੋਸਇਏਸ਼ਨ ਦੇ ਅਧਿਕਾਰੀਆਂ ਨੇ ਮੁੱਖ ਮੰਤਰੀ ਮਨੋਹਰ ਲਾਲ ਸਮੇਤ ਹੋਰ ਮਹਿਮਾਨਾਂ ਦਾ ਗੁਲਦਸਤਾ ਦੇ ਕੇ ਸਵਾਗਤ ਤੇ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ।

ਇਸ ਮੌਕੇ 'ਤੇ ਵਧੀਕ ਜਿਲ੍ਹਾ ਅਤੇ ਸੈਸ਼ਨ ਜੱਜ ਡਾ.ਸੁਸ਼ੀਲ ਗਰਗ, ਘਰੌਂਡਾ ਦੇ ਵਿਧਾਇਕ ਹਰਵਿੰਦਰ ਕਲਿਆਣ, ਭਾਜਪਾ ਜਿਲ੍ਹਾ ਪ੍ਰਧਾਨ ਯੋਗੇਂਦਰ ਰਾਣਾ , ਮੇਅਰ ਰੇਣੂ ਬਾਲਾ ਗੁਪਤਾ, ਐਸਜੀਐਮ ਸੌਰਭ ਖਤਰੀ, ਜੇਐਮਆਈਸੀ ਗੁਲਸ਼ਨ ਵਰਮਾ, ਬਾਰ ਏਸੋਸਿਏਸ਼ਨ ਦੇ ਪ੍ਰਧਾਨ ਸੰਦੀਪ ਚੌਧਰੀ ਸਮੇਤ ਵੱਡੀ ਗਿਣਤੀ ਵਿਚ ਐਡਵੋਕੇਟਸ ਤੇ ਅਧਿਕਾਰੀ ਮੌਜੁਦ ਰਹੇ।

### ਕਰਨਾਲ ਤੋਂ ਚੰਡੀਗੜ੍ਹ ਜਾਂਦੇ ਹੋਏ ਅੰਬਾਲਾ ਵਿਚ ਰੁਕੇ ਮੁੱਖ ਮੰਤਰੀ ਮਨੋਹਰ ਲਾਲ

## ਚਾਹ ਦੀ ਦੁਕਾਨ 'ਤੇ ਰੁਕੇ ਕਰ ਲੋਕਾਂ ਦੇ ਨਾਲ ਪੀਤੀ ਚਾਹ ਅਤੇ ਉਨ੍ਹਾਂ ਦਾ ਹਾਲਚਾਲ ਜਾਣਿਆ




**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਅੱਜ ਕਰਨਾਲ ਤੋਂ ਚੰਡੀਗੜ੍ਹ ਆਉਂਦੇ ਹੋਏ ਅੰਬਾਲਾ ਚੰਡੀਗੜ੍ਹ ਮਾਰਗ 'ਤੇ ਸਥਿਤ ਸੁਲਤਾਨਪੁਰ ਚੌਂਕ 'ਤੇ ਅਚਾਨਕ ਨਾਲ ਇਕ ਚਾਹ ਦੀ ਦੁਕਾਨ 'ਤੇ ਰੁਕੇ ਅਤੇ ਉੱਥੇ ਖੜੇ ਲੋਕਾਂ ਤੋਂ ਉਨ੍ਹਾਂ ਨਾਲ ਹਾਲ ਚਾਲ ਜਾਣਿਆ।

ਮੁੱਖ ਮੰਤਰੀ ਨੂੰ ਅਚਾਨਕ ਨਾਲ ਆਪਣੇ ਵਿਚ ਪਾ ਕੇ ਮੌਜੂਦ ਲੋਕਾਂ ਦੀ ਖੁਸ਼ੀ ਦਾ ਕੋਈ ਠਿਕਾਨਾ ਨਾ ਸੀ ਅਤੇ ਸੀਐਮ ਨੂੰ ਆਪਣੇ ਵਿਚ ਪਾ ਕੇ ਹੈਰਾਨ ਸਨ। ਮੁੱਖ ਮੰਤਰੀ ਨੇ ਨਾ ਸਿਰਫ ਆਮ ਆਦਮੀ ਦੀ ਤਰ੍ਹਾ ਉੱਥੇ ਖੜ੍ਹੇ ਹੋ ਕੇ ਚਾਹ ਦੀ ਚੁਸਕੀਆਂ ਲਈਆਂ ਸਗੋਂ ਮੌਜੂਦ ਲੋਕਾਂ ਦੀ ਸਮਸਿਆਵਾਂ ਵੀ ਜਾਣੀਆਂ। ਲੋਕਾਂ ਨੇ ਦਸਿਆ ਕਿ ਇਸ ਰੋਡ 'ਤੇ ਕ੍ਰਾਂਸਿੰਗ 'ਤੇ ਪੁੱਲ ਨਾ ਹੋਣ ਨਾਲ ਦੁਰਘਟਨਾਵਾਂ ਵਾਪਰਦੀਆਂ ਹਨ। ਉੱਥੇ ਮੌਜੂਦ ਨੌਜੁਆਨਾਂ ਤੇ ਹੋਰ ਲੋਕ ਸੀਐਮ ਨੂੰ ਬਿਨ੍ਹਾਂ ਕਿਸੇ ਸੁਰੱਖਿਆ ਘੇਰੇ ਦੇ ਇਕ ਆਮ ਆਦਮੀ ਦੀ ਤਰ੍ਹਾ ਆਪਣੇ ਵਿਚ ਪਾ ਕੇ ਖੁਸ਼ ਨਜਰ ਆਏ।

ਚਾਹ ਵਿਕ੍ਰੇਤਾ ਦੁਕਾਨਦਾਰ ਨੇ ਕਿਹਾ ਕਿ ਇਹ ਉਨ੍ਹਾਂ ਦੇ ਲਈ ਅਜਿਹੇ ਲੰਮ੍ਹਾਂ ਸੀ ਜਿਸ ਵਿਚ ਉਹ ਜੀਵਨ ਵਿਚ ਕਦੀ ਭੁਲਾ ਨਈਂ ਪਾਉਣਗੇ। ਇਹ ਮੇਰੀ ਖੁਸ਼ਕਿਸਮਤੀ ਹੈ ਕਿ ਮੁੱਖ ਮੰਤਰੀ ਜੀ ਇੱਥੇ ਆਏ ਅਤੇ ਉਨ੍ਹਾਂ ਨੇ ਚਾਹ ਪੀਤੀ।

## ਕੈਲਾਸ਼ ਪਿੰਡ ਵਿਚ ਕੌਮੀ ਪੱਧਰ ਦਾ ਹਾਕੀ ਸਟੇਡੀਅਮ ਬਣ ਕੇ ਤਿਆਰ, ਜਲਦੀ ਕੀਤਾ ਜਾਵੇਗਾ ਉਦਘਾਟਨ : ਮਨੋਹਰ ਲਾਲ

**➢ ਮੁੱਖ ਮੰਤਰੀ ਨੇ ਹਾਕੀ ਸਟੇਡੀਅਮ ਦਾ ਕੀਤਾ ਨਿਰੀਖਣ, ਖਿਡਾਰੀਆਂ ਨੂੰ ਦਿੱਤੀ ਵਧਾਈ, ਕਿਹਾ ਖੇਡਾਂ ਵਿਚ ਸੂਬੇ ਤੇ ਦੇਸ਼ ਦਾ ਕਰਨ ਨਾਂਅ ਰੋਸ਼ਨ ➢ ਸਾਢੇ 6 ਏਕੜ ਭੂਮੀ ਵਿਚ ਕਰੀਬ 18 ਕਰੋੜ 27 ਲੱਖ ਰੁਪਏ ਦੀ ਲਾਗਤ ਨਾਲ ਬਣਿਆ ਕੌਮੀ ਪੱਧਰ ਦਾ ਹਾਕੀ ਸਟੇਡੀਅਮ**

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਰਨਾਲ ਦੌਰੇ ਦੌਰਾਨ ਐਤਵਾਰ ਨੂੰ ਕੈਲਾਸ਼ ਪਿੰਡ ਵਿਚ ਬਣੇ ਕੌਮੀ ਪੱਧਰਦੇ ਹਾਕੀ ਸਟੇਡੀਅਮ ਦਾ ਨਿਰੀਖਣ ਕੀਤਾ ਅਤੇ ਉੱਥੇ ਦੀ ਵਿਵਸਥਾਵਾਂ ਦਾ ਜਾਇਜਾ ਲਿਆ ਅਤੇ ਕਿਹਾ ਕਿ ਜਲਦੀ ਹੀ ਇਸ ਦਾ ਉਦਘਾਟਨ ਹੋਵੇਗਾ। ਮੁੱਖ ਨੇ ਇਸ ਮੌਕੇ 'ਤੇ ਹਾਕੀ ਖਿਡਾਰੀਆਂ ਨੂੰ ਨਵੇਂ ਸਟੇਡੀਅਮ ਦੇ ਬਨਣ ਦੀ ਸ਼ੁਭਕਾਮਨਾਵਾਂ ਅਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਸਟੇਡੀਅਮ ਵਿਚ ਖਿਡਾਰੀ ਬਿਤਹਰੀਨ ਢੰਗ ਨਾਲ ਅਭਿਆਸ ਕਰ ਕੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਖੇਡਾਂ ਵਿਚ ਸੂਬੇ ਤੇ ਦੇਸ਼ ਦਾ ਨਾਂਅ ਰੋਸ਼ਨ ਕਰੋ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਖੇਡਾਂ ਨੂੰ ਪ੍ਰੋਤਸਾਹਨ ਦੇ ਰਹੀ ਹੈ। ਹੁਣ ਪਿੰਡਾਂ ਵਿਚ ਖਿਡਾਰੀਆਂ ਨੂੰ ਆਧੁਨਿਕ ਖੇਡ ਸਹੂਲਤਾਂ ਪ੍ਰਦਾਨ ਕੀਤੀ ਜਾ ਰਹੀ ਹੈ ਤਾਂ ਜੋ ਖਿਡਾਰੀ ਆਪਣੇ ਪਿੰਡ ਵਿਚ ਹੀ ਬਿਹਤਰ ਅਭਿਆਸ ਕਰ ਸਕਣ ।

ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਅਤੇ ਕੇ ਐਸਸੀਐਲ ਦੇ ਸੀਈਓ ਅਨੀਸ਼ ਯਾਦਵ ਨੇ ਦਸਿਆ ਕਿ ਸ਼ਹਿਰ ਵਿਚ ਸਮਾਰਟ ਸਿਟੀ ਮਿਸ਼ਨ ਦੇ ਤਹਿਤ ਸਪੋਰਟਸ ਇੰਫ੍ਰਾਸਟਕਚਰ ਦਾ ਤੇਜੀ ਨਾਲ ਵਿਕਾਸ ਹੋ ਰਿਹਾ ਹੈ। ਇੰਨ੍ਹਾਂ ਸਹੂਲਤਾਂ ਨਾਲ ਇੱਥੇ ਦੇ ਖਿਡਾਰੀਆਂ ਨੂੰ ਆਪਣੇ ਸ਼ਹਿਰ ਵਿਚ ਹੀ ਪ੍ਰਤਿਭਾ ਨੂੰ ਨਿਖਾਰਣ ਦੇ ਮੌਕੇ ਮਿਲਣਗੇ। ਇੰਨ੍ਹਾਂ ਖੇਡ ਸਹੂਲਤਾਂ ਵਿੱਚੋਂ ਇਕ ਕੈਲਾਸ਼ ਪਿੰਡ ਵਿਚ ਕੌਮੀ ਪੱਧਰ ਦੇ ਹਾਕੀ ਸਟੇਡੀਅਮ ਦਾ ਨਿਰਮਾਣ ਕਾਰਜ ਲਗਭਗ ਪੂਰਾ ਹੋਰ ਚੁੱਕਾ ਹੈ। ਜਲਦੀ ਹੀ ਇਹ ਜਨਤਾ ਨੂੰ ਸਮਰਪਿਤ ਹੋਵੇਗਾ।



ਉਨ੍ਹਾਂ ਨੇ ਦਸਿਆ ਕਿ ਇਹ ਹਾਕੀ ਸਟੇਡੀਅਮ ਕੌਮਾਂਤਰੀ ਫੈਡਰੇਸ਼ਨ ਆਫ ਹਾਕੀ ਦੇ ਮਾਨਕਾਂ ਦੇ ਅਨੁਸਾਰ ਬਣਾਇਆ ਗਿਆ ਹੈ। ਇਸ ਦੇ ਨਿਰਮਾਣ 'ਤੇ ਕਰੀਬ 18 ਕਰੋੜ 27 ਲੱਖ ਰੁਪਏ ਦੀ ਰਕਮ ਖਰਚ ਹੋਈ ਹੈ, ਅਤੇ ਇਹ ਸਟੇਡੀਅਮ ਸਾਢੇ 6 ਏਕੜ ਭੂਮੀ ਵਿਚ ਬਣ ਕੇ ਤਿਆਰ ਹੋਇਆ ਹੈ। ਖਾਸ ਗੱਲ ਇਹ ਹੈ ਕਿ ਏਸਟਰੋ ਟਰਫ ਵਿਦੇਸ਼ੀ ਤਕਨੀਕ ਨਾਲ ਨਿਰਮਾਣਤ ਹੈ। ਮੇਨ ਗਰਾਉਂਡ ਵਿਚ 6 ਸਪ੍ਰਿੰਕਲ ਲਗਾਏ ਗਏ ਹਨ। ਇਸ ਤੋਂ ਇਲਾਵਾ, ਮੈਦਾਨ ਵਿਚ ਰੋਸ਼ਨੀ ਦੇ ਲਈ 34 ਮੀਟਰ ਉਚਾਈ ਦੇ 4 ਪੋਲ 'ਤੇ ਇਕ-ਇਕ ਹਜਾਰ ਵਾਟ ਦੀ 72 ਐਲਈਡੀ ਲਾਇਟ ਲਗਾਈਆਂ ਗਈਆਂ ਹਨ। ਸਕੋਰਬੋਰਡ ਦੇ ਲਈ ਵੱਡੀ ਐਲਈਡੀ ਸਕ੍ਰੀਨ ਵੀ ਲਗਾਈ ਗਈ ਹੈ। ਸਟੇਡੀਅਮ ਵਿਚ ਵੱਖ ਤੋਂ 400 ਕੇਵੀ ਦਾ ਟ੍ਰਾਂਸਫਾਰਮਰ ਲਗਾਇਆ ਗਿਆ ਹੈ ਅਤੇ 160 ਕੇਵੀ ਦੇ ਜਨਰੇਟਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਹਾਕੀ ਸਟੇਡੀਅਮ ਵਿਚ ਦਿਨ-ਰਾਤ ਕਿਸੀ ਵੀ ਸਮੇਂ ਵਿਚ ਮੈਚ ਪ੍ਰਬੰਧਿਤ ਕੀਤੇ ਜਾ ਸਕਣਗੇ। ਸਟੇਡੀਅਮ ਵਿਚ 600 ਦਰਸ਼ਕਾਂ ਦੇ ਬੈਠਣ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ਵਿਚ ਤਿੰਨ ਗੈਲਰੀ ਬਣਾਈਆਂ ਗਈਆਂ ਹਨ। ਇਸ ਵਿਚ ਇਕ ਗੈਲਰੀ ਬੀਆਈਪੀ ਜਿਸ ਵਿਚ 100 ਲੋਕਾਂ ਦੇ ਬੈਠਣ ਦੀ ਵਿਵਸਥਾ ਹੈ। ਇਸ ਦੇ ਨਾਲ ਹੀ ਦੋ ਹੋਰ ਗੈਲਰੀ ਦਰਸ਼ਕਾਂ ਦੇ ਲਈ ਬਣਾਈ ਗਈ ਹੈ ਜਿਸ ਵਿਚ ਹਰੇਕ ਵਿਚ 250 ਦਰਸ਼ਕ ਬੈਠ ਸਕਦੇ ਹਨ। ਹਰੇਕ ਗੈਲਰੀ ਦੇ ਬੇਸ ਵਿਚ ਤਿੰਨ ਤਿੰਨ ਕਮਰੇ, ਬਾਥੂਰਮ ਤੇ ਪਖਾਨੇ, ਮਹਿਲਾ ਅਤੇ ਪੁਰਸ਼ ਖਿਡਾਰੀਆਂ ਦੇ ਲਹੀ ਵੱਖ-ਵੱਖ ਨਾਲ ਬਣਾਏ ਗਏ ਹਨ।

## ਹਰਿਆਣਾ 'ਚ 60 ਹਜ਼ਾਰ ਨੌਜਵਾਨਾਂ ਨੂੰ ਛੇਤੀ ਮਿਲੇਗਾ ਰੁਜ਼ਗਾਰ: ਖੱਟਰ




**ਕੁਰੂਕਸ਼ੇਤਰ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਅੱਜ ਕੁਰੂਕਸ਼ੇਤਰ ਵਿੱਚ ਸਵਾਮੀ ਵਿਵੇਕਾਨੰਦ ਦੀ ਜੈਯੰਤੀ ਮੌਕੇ ਸੂਬਾ ਪਧਰੀ ਵਿਵੇਕਾਨੰਦ ਯੁਵਾ ਮਹਾਸੰਮੇਲਨ ਵਿੱਚ ਪੁੱਜੇ ਅਤੇ 'ਮਿਸ਼ਨ 60 ਹਜ਼ਾਰ' ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਮਿਸ਼ਨ 60 ਹਜ਼ਾਰ' ਤਹਿਤ 1.80 ਲੱਖ ਰੁਪਏ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ 60 ਹਜ਼ਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਨਾਲ ਉਹ ਸੂਬੇ ਵਿੱਚੋਂ 7500 ਨੌਜਵਾਨਾਂ ਨੂੰ 'ਵਣ ਮਿੱਤਰ' ਬਣਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਵਾਮੀ ਵਿਵੇਕਾਨੰਦ ਨੇ 19ਵੀਂ ਸਦੀ ਵਿਚ ਦੇਸ਼ਵਾਸੀਆਂ ਵਿਚ ਸਵਾਭਿਮਾਨ ਅਤੇ ਮਾਣ ਦੀ ਲੋਅ ਜਗਾਈ ਅਤੇ ਉਨ੍ਹਾਂ ਸਵਾਮੀ ਜੀ ਦਾ ਜੀਵਨ ਸਾਰਿਆਂ ਲਈ ਪ੍ਰੇਰਨਾਦਾਈ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਗਰੁੱਪ ਸੀ ਅਤੇ ਡੀ ਦੇ 60 ਹਜ਼ਾਰ ਅਹੁਦਿਆਂ ਲਈ ਭਰਤੀ ਪ੍ਰਕਿਰਿਆ ਆਉਣ ਵਾਲੇ ਕੁੱਝ ਮਹੀਨੇ ਵਿਚ ਪੂਰੀ ਹੋਵੇਗੀ ਅਤੇ ਐੱਚਕੇਆਰਐੱਨ ਰਾਹੀਂ 15 ਹਜ਼ਾਰ ਕੰਟਰੈਕਟ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇਗੀ। ਉਦਯੋਗਿਕ ਸੰਸਥਾਵਾਂ ਲਈ 10 ਹਜ਼ਾਰ ਨੌਜਵਾਨਾਂ ਨੂੰ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ, ਸੀਐੱਸਸੀ ਲਈ 7500 ਈ-ਸੇਵਾ ਮਿੱਤਰ ਨਿਯੁਕਤ ਕੀਤੇ ਜਾਣਗੇ ਅਤੇ ਵਿਦੇਸ਼ੀ ਸਹਿਯੋਗ ਵਿਭਾਗ ਰਾਹੀਂ 5 ਹਜ਼ਾਰ ਅਜਿਹੇ ਨੌਜਵਾਨਾਂ ਨੂੰ ਵਿਦੇਸ਼ ਵਿਚ ਰੁਜ਼ਗਾਰ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਸੰਸਦ ਮੈਂਬਰ ਅਤੇ ਭਾਜਪਾ ਸੂਬਾਈ ਪ੍ਰਧਾਨ ਨਾਇਬ ਸਿੰਘ ਸੈਨੀ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸਿੰਚਾਈ ਅਤੇ ਜਲ ਸੰਸਾਧਨ ਵਿਭਾਗ ਦੇ ਸਰਸਵਤੀ ਵਾਟਿਕਾ ਵਿਕਾਸ ਕੰਮਾਂ ਦਾ ਨੀਂਹ ਪੱਥਰ ਰੱਖਿਆ। ਇਸ ਪ੍ਰਾਜੈਕਟ 'ਤੇ ਤਿੰਨ ਪੜਾਆਂ ਵਿੱਚ 3.68 ਕਰੋੜ ਰੁਪਏ ਖਰਚ ਕੀਤੇ ਜਾਣਗੇ।

## ਪੰਜਾਬ ਦੀ ਮਾਡਲ ਦਿਵਿਆ ਪਹੂਜਾ ਦੀ ਲਾਸ਼ ਭਾਖੜਾ ਨਹਿਰ 'ਚੋਂ ਮਿਲੀ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੀ 27 ਸਾਲਾ ਮਾਡਲ ਦਿਵਿਆ ਪਹੂਜਾ ਦੀ ਲਾਸ਼ ਅੱਜ ਫਤਿਹਾਬਾਦ ਦੇ ਟੋਹਾਣਾ ਕਸਬੇ ਨੇੜੇ ਭਾਖੜਾ ਨਹਿਰ 'ਚ ਕੁਡਨੀ ਹੈੱਡ ਤੋਂ ਬਰਾਮਦ ਹੋਈ। ਦਿਵਿਆ ਪਾਹੂਜਾ ਦੀ ਬੀਤੇ ਬੁੱਧਵਾਰ 2 ਜਨਵਰੀ ਨੂੰ ਗੁਰੂਗ੍ਰਾਮ ਦੇ ਹੋਟਲ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੁਲੀਸ ਨੇ ਉਸ ਦੇ ਕਤਲ ਦੇ ਦੋਸ਼ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪਾਹੂਜਾ ਦੀ ਕਥਿਤ ਤੌਰ 'ਤੇ ਮੰਗਲਵਾਰ ਨੂੰ ਹੋਟਲ ਸਿਟੀ ਪੁਆਇੰਟ ਦੇ ਮਾਲਕ ਅਭਿਜੀਤ ਸਿੰਘ ਅਤੇ ਉਸ ਦੇ ਸਾਥੀਆਂ ਹੇਮਰਾਜ ਅਤੇ ਓਮ ਪ੍ਰਕਾਸ਼ ਨੇ ਹੱਤਿਆ ਕਰ ਦਿੱਤੀ ਸੀ।

## ਪੀਣ ਦੇ ਪਾਣੀ ਦੀ ਮੰਗ ਲਈ ਕੌਮੀ ਮਾਰਗ 'ਤੇ ਮੁਜ਼ਾਹਰਾ



**ਸਿਰਸਾ,**
**-ਰੋਜ਼ਾਨਾ ਸਵੇਰਾ-**

ਇਥੋਂ ਦੇ ਪਿੰਡ ਪੰਜੂਆਣਾ ਤੇ ਇਸ ਦੇ ਨਾਲ ਲਗਦੇ ਹੋਰ ਪਿੰਡਾਂ 'ਚ ਆਉਂਦੀਆਂ ਦੋ ਦਰਜਨ ਤੋਂ ਵਧ ਢਾਣੀਆਂ ਦੇ ਲੋਕਾਂ ਨੇ ਪੀਣ ਲਈ ਨਹਿਰੀ ਪਾਣੀ ਦੀ ਮੰਗ ਕਰਦਿਆਂ ਨੈਸ਼ਨਲ ਹਾਈ ਵੇਅ ਨੌਂ 'ਤੇ ਸਰਕਾਰ ਤੇ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨਕਾਰੀਆਂ ਦੀ ਅਗਵਾਈ ਕਰ ਰਹੇ ਢਾਣੀ ਵਾਸੀ ਹਰਚਰਨ ਸਿੰਘ ਨੇ ਦੱਸਿਆ ਕਿ ਦੋ ਦਰਜਨ ਤੋਂ ਵਧ ਢਾਈਆਂ ਦੀ ਸੌ ਕਿੱਲਿਆਂ ਤੋਂ ਜਿਆਦਾ ਜ਼ਮੀਨ ਨੂੰ ਐਕੁਆਇਰ ਕਰ ਕੇ ਜਲ ਘਰ ਬਣਾਇਆ ਗਿਆ ਹੈ। ਇਸ ਜਲ ਘਰ 'ਚੋਂ ਸ਼ਹਿਰ ਤੇ ਇਸ ਦੇ ਨੇੜੇ ਪੈਂਦੇ ਹੋਰ ਪਿੰਡਾਂ ਨੂੰ ਜਲ ਦੀ ਸਪਲਾਈ ਦਿੱਤੀ ਜਾ ਰਹੀ ਹੈ ਜਦੋਂਕਿ ਜਿਹੜੇ ਲੋਕਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ, ਉਨ੍ਹਾਂ ਲੋਕਾਂ ਨੂੰ ਪੀਣ ਲਈ ਪਾਣੀ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ। ਉਨ੍ਹਾਂ ਨੇ ਦੱਸਿਆ ਕਿ ਢਾਣੀਆਂ 'ਤੇ ਵਸੇ ਲੋਕ ਧਰਤੀ ਹੇਠਲਾ ਟਿਊਬਵੈੱਲਾਂ ਦਾ ਖਾਰਾ ਪਾਣੀ ਪੀਣ ਲਈ ਮਜਬੂਰ ਹੋ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਧਰਤੀ ਹੇਠਲਾ ਟਿਊਬਵੈੱਲਾਂ ਦਾ ਪਾਣੀ ਪੀਣ ਯੋਗ ਨਹੀਂ ਹੈ। ਇਸ ਬਾਰੇ ਸਬੰਧਤ ਪਬਲਿਕ ਹੈਲਥ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਈ ਵਾਰ ਲਿਖਤੀ ਦੱਸਿਆ ਗਿਆ ਹੈ। ਉਨ੍ਹਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਦੋ ਦਿਨਾਂ ਅੰਦਰ ਉਨ੍ਹਾਂ ਦੀਆਂ ਢਾਣੀਆਂ ਤੇ ਨਾਲ ਲਗਦੇ ਪਿੰਡਾਂ ਨੂੰ ਪੀਣ ਲਈ ਨਹਿਰੀ ਪਾਣੀ ਦੀ ਸਪਲਾਈ ਨਾ ਦਿੱਤੀ ਗਈ ਤਾਂ ਉਹ ਤਿੱਖਾ ਅੰਦੋਲਨ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ 'ਤੇ ਭਜਨ ਲਾਲ, ਕਾਕਾ ਕੰਵਰ, ਪਵਨ ਵਿਸ਼ਨੋਈ, ਜਗਦੀਪ ਗਿੱਲ, ਸਰਵਜੀਤ ਕੰਬੋਜ, ਬਜਰੰਗ ਵਿਸ਼ਨੋਈ, ਸੁਸ਼ੀਲ ਗੋਦਾਰਾ, ਨਿਹਾਲ ਗੋਦਾਰਾ, ਹਵਾ ਸਿੰਘ ਬਿਸ਼ਨੋਈ ਸਮੇਤ ਕਈ ਢਾਣੀਆਂ ਦੇ ਲੋਕ ਹਾਜ਼ਰ ਸਨ।

## ਬਾਬੈਨ 'ਚ ਮਿਸ਼ਨ ਬੁਨਿਆਦ ਤੇ ਸੁਪਰ-100 ਜਾਗਰੂਕਤਾ ਪ੍ਰੋਗਰਾਮ




**ਸ਼ਾਹਬਾਦ ਮਾਰਕੰਡਾ,**
**-ਰੋਜ਼ਾਨਾ ਸਵੇਰਾ-**

ਐੱਸਡੀਐੱਮ ਨਸੀਬ ਕੁਮਾਰ ਨੇ ਕਿਹਾ ਕਿ ਸਿੱਖਿਆ ਉਹ ਪੌੜੀ ਹੈ ਜਿਸ 'ਤੇ ਚੜ੍ਹਨ ਵਾਲੇ ਵਿਅਕਤੀ ਤੇ ਉਸ ਦੇ ਪਰਿਵਾਰ ਦਾ ਭਵਿੱਖ ਰੌਸ਼ਨ ਬਣ ਜਾਂਦਾ ਹੈ। ਮਾਪਿਆਂ ਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਸੰਸਕਾਰ ਤੇ ਉਚੇਰੀ ਸਿਖਿਆ ਹਾਸਲ ਕਰਨ ਵਿਚ ਯੋਗ ਅਗਵਾਈ ਤੇ ਸਹਿਯੋਗ ਕਰਨ ਤਾਂ ਜੋ ਉਹ ਆਪਣਾ ਤੇ ਪਰਿਵਾਰ ਦਾ ਭਵਿੱਖ ਸੰਵਾਰ ਸਕਣ। ਉਨ੍ਹਾਂ ਨੇ ਇਹ ਪ੍ਰਗਟਾਵਾ ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੰਡਰੀ ਸਕੂਲ ਬਾਬੈਨ ਵਿਚ 'ਮਿਸ਼ਨ ਬੁਨਿਆਦ ਤੇ ਸੁਪਰ 100 ਜਾਗਰੂਕਤਾ ਪ੍ਰੋਗਰਾਮ 2024' ਦਾ ਆਗਾਜ਼ ਕਰਨ ਮੌਕੇ ਕੀਤਾ।

ਐੱਸਡੀਐੱਮ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਦਿਸ਼ਾ ਵਿਚ ਕਦਮ ਚੁੱਕਣ ਲਈ ਮਿਸ਼ਨ ਬੁਨਿਆਦ ਤੇ ਸੁਪਰ 100 ਪ੍ਰੋਗਰਾਮ ਸ਼ੁਰੂ ਕੀਤੇ ਹਨ ਜਿਨ੍ਹਾਂ ਦਾ ਮਕਸਦ ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਢੁੱਕਵਾਂ ਪਲੈਟਫਾਰਮ ਤੇ ਸਹੀ ਅਗਵਾਈ ਦੇਣਾ ਹੈ। ਉਨ੍ਹਾਂ ਨੇ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਿਸ਼ਨ ਬੁਨਿਆਦ ਤੇ ਸੁਪਰ 100 ਵਿਚ ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਪ੍ਰੇਰਿਤ ਕਰਨ ਤਾਂ ਜੋ ਉਨ੍ਹਾਂ ਦੇ ਬੱਚੇ ਵੀ ਸਰਕਾਰੀ ਖਰਚ 'ਤੇ ਆਈਆਈਟੀ ਜਿਹੇ ਵਿਸ਼ਵ ਪ੍ਰਸਿੱਧ ਸੰਸਥਾਨਾਂ ਵਿਚ ਉਚੇਰੀ ਸਿਖਿਆ ਲੈ ਸਕਣ। ਸਕੂਲ 'ਚ ਸਮਾਗਮ ਦੀ ਪ੍ਰਧਾਨਗੀ ਡੀਈਓ ਰੋਹਤਾਸ਼ ਵਰਮਾ ਨੇ ਕੀਤੀ। ਇਸ ਮੌਕੇ ਮਾਡਲ ਸੰਸਕ੍ਰਿਤੀ ਸਕੂਲ ਦੇ ਬਚਿੱਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਦਿੱਤੀਆਂ। ਐੱਸਡੀਐੱਮ ਨਸੀਬ ਕੁਮਾਰ ਨੇ ਬੁਨਿਆਦ ਕੇਂਦਰ ਵਿਚ ਪੜ੍ਹ ਰਹੇ ਹੋਣਹਾਰ ਬੱਚਿਆਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਜ਼ਿਲ੍ਹਾ ਮੌਲਿਕ ਸਿੱਖਿਆ ਅਧਿਕਾਰੀ ਵਿਨੋਦ ਕੌਸ਼ਿਕ, ਜ਼ਿਲ੍ਹਾ ਪਰਿਯੋਜਨਾ ਸੰਯੋਜਕ ਸੰਤੋਸ਼ ਸ਼ਰਮਾ, ਵਿਕਲਪ ਫਾਊਂਡੇਸ਼ਨ ਦੇ ਸੰਸਥਾਪਕ ਨਵੀਨ ਮਿਸ਼ਰਾ, ਸੀਮਾ, ਬੀਈਓ ਸੰਤੋਸ਼ ਚੌਹਾਨ ਤੇ ਸਕੂਲ ਦੇ ਪ੍ਰਿੰਸੀਪਲ ਰਮੇਸ਼ ਕੁਮਾਰ ਤੇ ਹੋਰ ਸਕੂਲਾਂ ਦੇ ਪ੍ਰਿੰਸੀਪਲ ਮੌਜੂਦ ਸਨ।

## ਸਿਆਸੀ ਲਾਹੇ ਲਈ ਲੋਕਾਂ 'ਚ ਫੁੱਟ ਪਾ ਰਹੀ ਹੈ ਭਾਜਪਾ: ਪਟਾਕਮਾਜਰਾ



**ਸ਼ਾਹਬਾਦ ਮਾਰਕੰਡਾ,**
**-ਰੋਜ਼ਾਨਾ ਸਵੇਰਾ-**

ਆਮ ਆਦਮੀ ਪਾਰਟੀ ਵਲੋਂ 28 ਜਨਵਰੀ ਨੂੰ ਜੀਂਦ ਵਿੱਚ ਕੀਤੀ ਜਾ ਰਹੀ ਬਦਲਾਅ ਜਨ ਸਭਾ ਦੇ ਲਈ ਪਾਰਟੀ ਕਾਰਕੁੰਨਾਂ ਦੀਆਂ ਡਿਊਟੀਆਂ ਲਾਉਣ ਲਈ ਕਿਸਾਨ ਅਰਾਮ ਘਰ ਬਾਬੈਨ ਵਿਚ ਮੀਟਿੰਗ ਕੀਤੀ ਗਈ। ਆਪ ਦੇ ਬਲਾਕ ਪ੍ਰਧਾਨ ਸੁਭਾਸ਼ ਕਸੀਥਲ ਦੀ ਦੇਖ ਰੇਖ ਹੇਠ ਵਿਚ ਮੀਟਿੰਗ 'ਆਪ' ਦੇ ਪਛੜਾ ਵਰਗ ਦੇ ਸੂਬਾ ਪ੍ਰਧਾਨ ਨਾਇਬ ਸਿੰਘ ਪਟਾਕਮਾਜਰਾ, ਕਿਸਾਨ ਸੈੱਲ ਦੇ ਗੁਰਦੇਵ ਸਿੰਘ ਸੁਰਾ ਤੇ ਕਈ ਪਿੰਡਾਂ ਦੇ ਗਰਾਮ ਕਨਵੀਨਰ ਸ਼ਾਮਲ ਹੋਏ। ਨਾਇਬ ਸਿੰਘ ਪਟਾਕਮਾਜਰਾ ਨੇ ਕਿਹਾ ਕਿ ਮੌਜੂਦਾ ਭਾਜਪਾ ਸਰਕਾਰ ਤਾਨਾਸ਼ਾਹੀ ਦੇ ਜ਼ੋਰ 'ਤੇ ਲੋਕਾਂ ਦੇ ਹੱਕ ਖੋਹ ਰਹੀ ਹੈ ਅਤੇ ਸਿਆਸੀ ਲਾਹੇ ਲਈ ਲੋਕਾਂ 'ਚ ਵੰਡੀਆਂ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਨੌਜੁਆਨ ਵਰਗ ਰੁਜ਼ਗਾਰ ਦੇ ਲਈ ਵਿਦੇਸ਼ਾਂ ਵਲ ਦੌੜ ਰਿਹਾ ਹੈ ਤੇ ਮੰਹਿਗਾਈ ਨੇ ਆਮ ਆਦਮੀ ਦਾ ਦੀਵਾਲਾ ਕਢ ਦਿੱਤਾ ਹੈ ਪਰ ਭਾਜਪਾ ਸਰਕਾਰ ਧਰਮ ਤੇ ਮਜ਼ਹਬ ਦੇ ਨਾਂ 'ਤੇ ਲੋਕਾਂ ਨੂੰ ਵੰਡ ਕੇ ਰਾਜਨੀਤਕ ਲਾਹਾ ਲੈ ਰਹੀ ਹੈ। ਉਨ੍ਹਾਂ ਆਖਿਆ ਕਿ ਭਾਜਪਾ ਲੋਕਾਂ ਦਾ ਧਿਆਨ ਮੰਹਿਗਾਈ, ਬੇਰੁਜ਼ਗਾਰੀ ਤੇ ਤਾਨਾਸ਼ਾਹੀ ਤੋਂ ਭਟਕਾਉਣ ਲਈ ਰਾਮ ਮੰਦਰ ਦਾ ਮੁੱਦਾ ਉਛਾਲ ਰਹੀ ਹੈ। ਪਟਾਕਮਾਜਰਾ ਨੇ ਆਖਿਆ ਕਿ ਅੱਜ ਲੋਕਾਂ ਨੂੰ ਬੇਰੁਜ਼ਗਾਰੀ ਤੇ ਮੰਹਿਗਾਈ ਤੋਂ ਨਿਜਾਤ ਦਿਵਾਉਣ ਦੀ ਲੋੜ ਹੈ, ਜਿਸ ਲਈ ਸਿਰਫ ਆਮ ਆਦਮੀ ਪਾਰਟੀ ਹੀ ਸਮਰਥ ਹੈ।

ਗੁਰਦੇਵ ਸੁਰਾ ਨੇ ਕਿਹਾ ਅੱਜ ਸੂਬੇ ਦੇ ਲੋਕ ਸੱਤਾ ਵਿਚ ਬਦਲਾਅ ਚਾਹੁੰਦੇ ਹਨ ਜਿਸ ਨੂੰ ਲੈ ਕੇ ਆਮ ਆਦਮੀ ਪਾਰਟੀ 28 ਜਨਵਰੀ ਨੂੰ ਜੀਂਦ ਵਿਚ ਬਦਲਾਅ ਰੈਲੀ ਕਰ ਰਹੀ ਹੈ।

ਉਨ੍ਹਾਂ ਨੇ ਲੋਕਾਂ ਨੂੰ ਰੈਲੀ ਪੁੱਜਣ ਦੀ ਅਪੀਲ ਕੀਤੀ। ਰੈਲੀ ਵਿਚ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕਾਂ ਨੂੰ ਸੰਬੋਧਨ ਕਰਨਗੇ।

## ਹਿਮਾਚਲ ਦੇ DGP ਅਹੁਦੇ ਤੋਂ ਨਹੀਂ ਹਟਣਗੇ ਸੰਜੇ ਕੁੰਡੂ, ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਹੁਕਮ ਨੂੰ ਕੀਤਾ ਰੱਦ

**ਸ਼ਿਮਲਾ,**
**-ਰੋਜ਼ਾਨਾ ਸਵੇਰਾ-**

ਸੁਪਰੀਮ ਕੋਰਟ ਨੇ ਭਾਰਤੀ ਪੁਲਸ ਸੇਵਾ (ਆਈ.ਪੀ.ਐੱਸ.) ਦੇ ਸੀਨੀਅਰ ਅਧਿਕਾਰੀ ਸੰਜੇ ਕੁੰਡੂ ਨੂੰ ਪੁਲਸ ਡਾਇਰੈਕਟਰ ਜਨਰਲ (ਡੀ.ਜੀ.ਪੀ.) ਦੇ ਅਹੁਦੇ ਤੋਂ ਹਟਾਉਣ ਸਬੰਧੀ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਹੁਕਮਾਂ ਨੂੰ ਸ਼ੁੱਕਰਵਾਰ ਨੂੰ ਰੱਦ ਕਰ ਦਿੱਤਾ ਹੈ। ਆਪਣੇ ਭਾਈਵਾਲਾਂ ਨੂੰ ਜਾਨੋਂ ਮਾਰਨ ਦੀ ਧਮਕੀ ਮਿਲਣ ਦਾ ਦਾਅਵਾ ਕਰਨ ਵਾਲੇ ਇਕ ਕਾਰੋਬਾਰੀ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਨੂੰ ਲੈ ਕੇ ਹਾਈ ਕੋਰਟ ਨੇ ਕੁੰਡੂ ਨੂੰ ਹਿਮਾਚਲ ਪ੍ਰਦੇਸ਼ ਦੇ ਡੀ.ਜੀ.ਪੀ. ਅਹੁਦੇ ਤੋਂ ਹਟਾਉਣ ਦੇ ਹੁਕਮ ਦਿੱਤੇ ਸਨ।



ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਹਾਈ ਕੋਰਟ ਦੇ 9 ਜਨਵਰੀ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਕੁੰਡੂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਦਿੱਤਾ, ਜਿਸ ਵਿਚ ਡੀ.ਜੀ.ਪੀ. ਚੀਫ਼ ਜਸਟਿਸ ਦੇ ਅਹੁਦੇ ਤੋਂ ਹਟਾਏ ਜਾਣ ਸਬੰਧੀ ਪਹਿਲਾਂ ਦਿੱਤੀ ਹਦਾਇਤ ਨੂੰ ਵਾਪਸ ਲੈਣ ਦੀ ਅਪੀਲ ਕਰਨ ਵਾਲੀ ਉਸ ਦੀ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ। ਬੈਂਚ ਵਿਚ ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ। ਬੈਂਚ ਨੇ ਨਿਰਦੇਸ਼ ਦਿੱਤਾ ਕਿ ਕੇਸ ਦੀ ਜਾਂਚ ਵਿਚ ਸ਼ਾਮਲ ਕਿਸੇ ਵੀ ਅਧਿਕਾਰੀ ਉੱਤੇ ਕੁੰਡੂ ਦਾ ਕੋਈ ਕੰਟਰੋਲ ਨਹੀਂ ਹੋਵੇਗਾ।

## ਅਯੁੱਧਿਆ ਜਾਣ ਲਈ ਸੱਦੇ ਦੀ ਜ਼ਰੂਰਤ ਨਹੀਂ : ਸੁਖਵਿੰਦਰ ਸੁੱਖੂ

**ਸ਼ਿਮਲਾ,**
**-ਰੋਜ਼ਾਨਾ ਸਵੇਰਾ-**

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਮੰਗਲਵਾਰ ਨੂੰ ਕਿਹਾ ਕਿ ਸਾਡਾ ਜੀਵਨ ਮਰਿਆਦਾ ਪੁਰਸ਼ੋਤਮ ਭਗਵਾਨ ਰਾਮ ਦੇ ਨਾਂ ਨਾਲ ਸ਼ੁਰੂ ਹੁੰਦਾ ਹੈ ਅਤੇ ਅਯੁੱਧਿਆ ਜਾਣ ਲਈ ਉਨ੍ਹਾਂ ਨੂੰ ਕਿਸੇ ਸੱਦੇ ਦੀ ਲੋੜ ਨਹੀਂ ਹੈ। ਸੁੱਖੂ ਦਾ ਇਹ ਵੀ ਕਹਿਣਾ ਹੈ ਕਿ ਉਹ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਤੋਂ ਬਾਅਦ ਅਯੁੱਧਿਆ ਜਾਣਗੇ। ਉਨ੍ਹਾਂ ਕਿਹਾ, ਭਗਵਾਨ ਰਾਮ ਮਰਿਆਦਾ ਪੁਰਸ਼ੋਤਮ ਹਨ ਅਤੇ ਸਾਡਾ ਜੀਵਨ ਰਾਮ ਦੇ ਨਾਂ ਨਾਲ ਸ਼ੁਰੂ ਹੁੰਦਾ ਹੈ। ਅਸੀਂ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਤੋਂ ਬਾਅਦ ਅਯੁੱਧਿਆ ਜਾਵਾਂਗੇ।



ਮੁੱਖ ਮੰਤਰੀ ਦੀ ਇਹ ਟਿੱਪਣੀ ਹਿਮਾਚਲ ਪ੍ਰਦੇਸ਼ ਦੇ ਮੰਤਰੀ ਵਿਕਰਮਾਦਿਤਿਆ ਸਿੰਘ ਦੇ ਉਸ ਬਿਆਨ ਦੇ ਇਕ ਦਿਨ ਬਾਅਦ ਆਈ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਉਹ ਅਯੁੱਧਿਆ 'ਚ ਰਾਮ ਮੰਦਰ ਦੇ ਪ੍ਰਤਿਸ਼ਠਾ ਸਮਾਰੋਹ 'ਚ ਸ਼ਾਮਲ ਹੋਣਗੇ।

ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਦੀ ਮੁਖੀ ਪ੍ਰਤਿਭਾ ਸਿੰਘ ਦੇ ਪੁੱਤ ਵਿਕਰਮਾਦਿਤਿਆ ਨੇ ਸੋਮਵਾਰ ਨੂੰ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ 'ਚ ਸ਼ਾਮਲ ਹੋਣ ਦੇ ਸੱਦੇ ਲਈ ਰਾਸ਼ਟਰੀ ਸਵੈਮ ਸੇਵਕ ਸਿੰਘ (ਆਰ.ਐੱਸ.ਐੱਸ.) ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐੱਚ.ਪੀ.) ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਸੀ ਕਿ ਉਹ ਅਯੁੱਧਿਆ 'ਚ ਸਮਾਰੋਹ 'ਚ ਸ਼ਾਮਲ ਹੋਣਗੇ ਜਾਂ ਨਹੀਂ, ਇਸ 'ਤੇ ਬਹੁਤ ਜਲਦ ਫ਼ੈਸਲਾ ਲੈਣਗੇ। ਸਮਾਰੋਹ ਲਈ ਖੜਗੇ, ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਲੋਕ ਸਭਾ 'ਚ ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਨੂੰ ਸੱਦਾ ਦਿੱਤਾ ਗਿਆ ਹੈ।

## ਹਿਮਾਚਲ ਸਰਕਾਰ ਦਾ ਵੱਡਾ ਫ਼ੈਸਲਾ! ਹੁਣ 21 ਸਾਲ ਤੋਂ ਪਹਿਲਾਂ ਨਹੀਂ ਹੋਵੇਗਾ ਕੁੜੀਆਂ ਦਾ ਵਿਆਹ

**ਸ਼ਿਮਲਾ/ -ਰੋਜ਼ਾਨਾ ਸਵੇਰਾ-**

ਸ਼ਿਮਲਾ 'ਚ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਪ੍ਰਧਾਨਗੀ 'ਚ ਹੋਈ ਕੈਬਨਿਟ ਦੀ ਬੈਠਕ 'ਚ ਵੱਡਾ ਫ਼ੈਸਲਾ ਲਿਆ ਗਿਆ ਹੈ। ਹਿਮਾਚਲ 'ਚ ਹੁਣ ਕੁੜੀਆਂ ਦੇ ਵਿਆਹ ਦੀ ਘੱਟੋ-ਘੱਟ ਉਮਰ 21 ਸਾਲ ਕਰ ਦਿੱਤੀ ਗਈ ਹੈ। ਕੈਬਨਿਟ ਨੇ ਕੁੜੀ ਦੇ ਵਿਆਹ ਦੀ ਘੱਟੋ-ਘੱਟ ਉਮਰ 21 ਸਾਲ ਕਰਨ ਦਾ ਪ੍ਰਸਤਾਵ ਪਾਸ ਕਰ ਦਿੱਤਾ ਹੈ। ਅਜਿਹੇ 'ਚ ਹੁਣ ਘੱਟੋ-ਘੱਟ ਉਮਰ 18 ਤੋਂ ਵਧਾ ਕੇ 21 ਸਾਲ ਕਰਨ ਦਾ ਪ੍ਰਸਤਾਵ ਕੇਂਦਰ ਸਰਕਾਰ ਨੂੰ ਭੇਜਿਆ ਜਾਵੇਗਾ। ਦੱਸਣਯੋਗ ਹੈ ਕਿ ਇਹ ਮੀਟਿੰਗ ਕਰੀਬ 3 ਘੰਟੇ ਚੱਲੀ। ਇਸ ਮੀਟਿੰਗ 'ਚ ਹਿਮਾਚਲ 'ਚ ਨਵੀਂ ਫ਼ਿਲਮ ਨੀਤੀ ਨੂੰ ਪ੍ਰਵਾਨਗੀ ਦਿੱਤੀ ਗਈ। ਫ਼ਿਲਮ ਕੌਂਸਲ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਫ਼ਿਲਮ ਕਾਊਂਸਿਲ ਬਣਾਉਣ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਨਵੀਂ ਪਾਲਿਸੀ ਦੇ ਅਧੀਨ ਰਾਜ 'ਚ ਹੁਣ ਸ਼ੂਟਿੰਗ ਲਈ ਜ਼ਰੂਰੀ ਮਨਜ਼ੂਰੀ ਤਿੰਨ ਦਿਨਾਂ ਅੰਦਰ ਮਿਲ ਜਾਵੇਗੀ, ਇਸ ਫ਼ੈਸਲੇ ਨਾਲ ਫ਼ਿਲਮ ਨਿਰਮਾਤਾਵਾਂ ਨੂੰ ਫ਼ਾਇਦਾ ਹੋਵੇਗਾ। ਨਾਲ ਹੀ ਮੁੱਖ ਮੰਤਰੀ ਵਿਧਵਾ ਏਕਲ ਨਾਰੀ ਯੋਜਨਾ ਅਤੇ ਹਿਮਾਚਲ ਪ੍ਰਦੇਸ਼ ਡਿਜ਼ੀਟਲ ਪਾਲਿਸੀ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

ਕਵਿਤਾ

# ਸਰਬੰਸ ਦਾਨੀ

ਰਮੇਸ਼ ਬੱਗਾ ਚੋਹਲਾ
94631-32719

*ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਦੇ ਬੂਟੇ ਨੂੰ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਸਿੰਜਿਆ ਤੇ ਸਰਬੰਸ ਦਾਨੀ ਅਖਵਾਏ...*

ਜਿੱਥੇ ਖੜ੍ਹ ਗਏ ਗੁਰੂ ਗੋਬਿੰਦ
ਸਿੰਘ, ਨਾ ਕੋਈ ਹੋਰ ਖਲੋ ਸਕਦਾ।
ਦਸਮੇਸ਼ ਪਿਤਾ ਦੇ ਵਰਗਾ ਦਾਨੀ
ਦੁਨੀਆ ਵਿਚ ਨਹੀਂ ਹੋ ਸਕਦਾ।

ਪਹਿਲਾ ਦਾਨ ਪਿਤਾ ਦਾ ਕਰਿਆ
ਡੁੱਬਦਾ ਧਰਮ ਬਚਾਉਣ ਲਈ,
ਤਿਲਕ ਜੰਞੂ ਦੀ ਰਾਖੀ ਖਾਤਰ
ਸੀਸ ਦੀ ਭੇਟ ਚੜ੍ਹਾਉਣ ਲਈ,
ਕਿਹੜਾ ਬਾਲਕ ਨੌਂ ਸਾਲ ਦਾ, ਜੋ
ਤੋੜ ਪਿਤਾ ਤੋਂ ਮੋਹ ਸਕਦਾ।
ਦਸਮੇਸ਼ ਪਿਤਾ...

ਦੂਜੇ ਦਾਨ ਵਿਚ ਨਵਾਂ ਜੀਵਨ
ਸੀ ਦਿੱਤਾ ਪੰਜ ਪਿਆਰਿਆਂ ਨੂੰ,
ਧਰਮ ਯੁੱਧ ਦੀ ਖਾਤਿਰ ਜਿਹੜੇ
ਲਾਉਂਦੇ ਰਹੇ ਜੈਕਾਰਿਆਂ ਨੂੰ,
ਬੀਜਿਆ ਜਿਹੜਾ ਬੀਜ ਅਣਖ
ਦਾ ਹੋਰ ਨਹੀਂ ਕੋਈ ਬੋ ਸਕਦਾ।
ਦਸਮੇਸ਼ ਪਿਤਾ...

ਤੀਜਾ ਦਾਨ ਚਮਕੌਰ ਸਾਹਿਬ
ਵਿਚ ਕੀਤਾ ਵੱਡਿਆਂ ਲਾਲਾਂ ਦਾ,
ਨਾਲ ਜੁਗਤ ਦੇ ਮੂੰਹ ਮੋੜਿਆ
ਸੀ ਦੁਸ਼ਮਣ ਦੀਆਂ ਚਾਲਾਂ ਦਾ,
ਤਕ ਕੇ ਲਾਸ਼ ਪੁੱਤਰ ਦੀ ਕਿਹੜਾ
ਹੰਝੂਆਂ ਤਾਈ ਲੁਕੋ ਸਕਦਾ।
ਦਸਮੇਸ਼ ਪਿਤਾ...

ਚੌਥੇ ਦਾਨ ਵਿਚ ਨਿੱਕੀਆਂ ਜਿੰਦਾਂ
ਵਿਚ ਦੀਵਾਰ ਦੇ ਖੜ੍ਹ ਗਈਆਂ,
ਮਾਂ ਗੁਜ਼ਰੀ ਦੀ ਸਿੱਖਿਆ ਸਦਕਾ
ਦੁਸ਼ਮਣ ਅੱਗੇ ਅੜ ਗਈਆਂ,
ਕੀਤਾ ਸੀ ਹਰ ਜ਼ੁਲਮ ਜ਼ਾਲਮਾਂ
ਉਨ੍ਹਾਂ ਤੋਂ ਜੋ ਹੋ ਸਕਦਾ।
ਦਸਮੇਸ਼ ਪਿਤਾ...

ਮਹਾਦਾਨ ਵਿਚ ਗਿਣਿਆ ਜਾਂਦਾ
ਦਾਨ ਇਹ ਬਾਜਾਂ ਵਾਲੇ ਦਾ,
ਨਹੀਂ ਭੁਲਾਇਆ ਜਾ ਸਕਦਾ
ਅਹਿਸਾਨ ਇਹ ਬਾਜਾਂ ਵਾਲੇ ਦਾ,
ਪੰਥ ਵਾਸਤੇ ਜਿਹੜਾ ਆਪਣਾ
ਸਾਰਾ ਕੁਝ ਹੀ ਖੋਹ ਸਕਦਾ।
ਦਸਮੇਸ਼ ਪਿਤਾ...

ਸਰਬੰਸ ਵਾਰ ਕੇ ਸਾਰਾ, ਜਿਸ ਨੇ
ਰੱਬ ਦਾ ਸ਼ੁਕਰ ਮਨਾਇਆ,
'ਚੋਹਲੇ' ਪਿੰਡ ਦੇ 'ਬੱਗੇ' ਨੇ ਹੈ
ਉਸ ਨੂੰ ਸੀਸ ਨਿਵਾਇਆ,
ਕੁਰਬਾਨੀ ਦੀ ਮਾਲਾ ਵਿਚ ਜੋ
ਲਖ਼ਤੇ-ਜਿਗਰ ਪਰੋ ਸਕਦਾ।
ਦਸਮੇਸ਼ ਪਿਤਾ... •





ਕਵਿਤਾ

# ਮਾਘੀ ਦਾ ਤਿਉਹਾਰ



ਪ੍ਰੋ. ਨਵ ਸੰਗੀਤ ਸਿੰਘ
94176-92015

ਆਇਆ ਮਾਘੀ ਦਾ ਤਿਉਹਾਰ,
ਲੈ ਕੇ ਖ਼ੁਸ਼ੀਆਂ ਹਜ਼ਾਰ।
ਸਾਰੇ ਮੇਲੇ ਵਿਚ ਆਏ,
ਕਰ ਕੇ ਹਾਰ ਤੇ ਸ਼ਿੰਗਾਰ।

ਆਓ ਮੁਕਤਸਰ ਜਾਈਏ,
ਗੁਰੂ-ਘਰ ਸਿਰ ਝੁਕਾਈਏ,
'ਟੁੱਟੀ-ਗੰਢੀ' ਚੱਲ ਨ੍ਹਾਈਏ,
ਭਾਵੇਂ ਮੌਸਮ ਠੰਡਾ-ਠਾਰ।

ਇਹ ਸੀ ਢਾਬ ਖਿਦਰਾਣਾ,
ਗੁਰੂ ਕੀਤਾ ਆ ਟਿਕਾਣਾ,
ਘੇਰਾ ਮੁਗ਼ਲਾਂ ਨੇ ਪਾਇਆ,
ਤੇਗ਼ਾਂ-ਤੀਰਾਂ ਕੀਤੇ ਵਾਰ।

ਸ਼ੀਹਣੀ ਇਕ ਭਾਗੋ ਮਾਈ,
ਐਸੀ ਤੇਗ਼ ਉਸ ਚਲਾਈ,
ਤਾਅਨੇ ਸਿੰਘਾਂ ਤਾਈਂ ਦਿੱਤੇ,
ਸਿੰਘ ਹੋਏ ਸ਼ਰਮਸਾਰ।

ਮਹਾਂ ਸਿੰਘ ਦਾ ਬੇਦਾਵਾ,
ਹੁਣ ਕੀਤਾ ਪਛੋਤਾਵਾ,
ਜੰਗ ਜੌਹਰ ਉਹ ਵਿਖਾਏ,
ਦਿੱਤੀ ਵੈਰੀਆਂ ਨੂੰ ਹਾਰ।

ਗੁਰੂ ਟੁੱਟੀ ਏਥੇ ਗੰਢੀ,
ਕੀਤੀ ਮੰਦੀਓ ਸੀ ਚੰਗੀ,
ਚਾਲੀ ਮੁਕਤਿਆਂ ਦਾ ਹੱਥੀਂ,
ਕੀਤਾ ਆਪ ਸਸਕਾਰ।

ਵੇਖੋ ਸਜੀਆਂ ਦੁਕਾਨਾਂ,
ਢਾਲਾਂ ਤੇ ਨੇ ਕਿਰਪਾਨਾਂ,
ਵਿਚ ਰਾਜਸੀ ਇਕੱਠਾਂ,
ਭਾਸ਼ਣ ਹੁੰਦੇ ਧੂੰਆਂਧਾਰ।

ਲੰਗਰ ਕਈ ਥਾਈਂ ਲੱਗੇ,
ਵੱਜੇ ਢੋਲ ਉੱਤੇ ਡੱਗੇ,
ਛਿੰਜਾਂ ਵਿਚ ਕਿਵੇਂ ਉੱਡੇ,
ਧੂੰਆਂ-ਧੂੜ ਤੇ ਗੁਬਾਰ।

ਸੱਚੇ ਗੁਰੂ ਨੂੰ ਧਿਆਈਏ,
ਗੁਰਬਾਣੀ ਨਿੱਤ ਗਾਈਏ,
'ਰੂਹੀ' ਜਪੁਜੀ ਵੀ ਪੜ੍ਹੇ,
ਨਾਲੇ ਪੜ੍ਹੇ ਚੰਡੀ-ਵਾਰ।

ਮੰਗੋ ਸਭ ਦੀ ਭਲਾਈ,
ਦਿਲੋਂ ਕੱਢੀਏ ਬੁਰਾਈ,
ਛੱਡੋ ਵੈਰ ਤੇ ਵਿਰੋਧ,
ਕਰੋ ਸਭ ਨੂੰ ਪਿਆਰ। •

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਦਰਸ਼ਨ ਸਿੰਘ ਰਿਆੜ
93163-11677

***ਨਾ ਕਹੂੰ ਅਬ ਕੀ ਨਾ ਕਹੂੰ ਤਬ ਕੀ, ਬਾਤ ਕਰੂੰ ਜਬ ਕੀ, ਅਗਰ ਨਾ ਹੋਤੇ ਗੋਬਿੰਦ ਸਿੰਘ ਤੋ ਸੁਨਤ ਹੋਤੀ ਸਭ ਕੀ।***

ਬਾਬਾ ਬੁਲ੍ਹੇ ਸ਼ਾਹ ਜੀ ਨੇ ਇਹ ਸ਼ਬਦ ਬੋਲ ਕੇ ਉਸ ਵੇਲੇ ਦੀ ਤ੍ਰਾਸਦੀ ਭਰੀ ਸਮਾਜਕ ਤਸਵੀਰ ਲੋਕਾਂ ਦੇ ਸਨਮੁੱਖ ਪੇਸ਼ ਕੀਤੀ ਕਿ ਕਿਵੇਂ ਮੁਗ਼ਲ ਹਕੂਮਤ ਜਬਰੀ ਲੋਕਾਂ ਦਾ ਧਰਮ ਤਬਦੀਲ ਕਰ ਕੇ ਲੋਕਾਂ ਨੂੰ ਮੁਸਲਮਾਨ ਬਣਾ ਕੇ ਇਕ ਫਿਰਕੇ ਦੀ ਗਿਣਤੀ ਵਧਾਉਣ 'ਤੇ ਜ਼ੋਰ ਦੇ ਰਹੀ ਸੀ। ਇਹ ਜਬਰ ਲੋਕਾਂ ਨਾਲ ਬੁਨਿਆਦੀ ਧੱਕਾ ਸੀ ਪਰ ਡਰੇ ਹੋਏ ਲੋਕ ਏਨੇ ਨਿਤਾਣੇ ਹੋ ਚੁੱਕੇ ਸਨ ਕਿ ਕੋਈ ਵੀ ਜੁਲਮ ਵਿਰੁੱਧ ਆਵਾਜ ਨਹੀਂ ਸੀ ਉਠਾ ਰਿਹਾ? ਕਹਿੰਦੇ ਹਨ ਕਿ ਜਦੋਂ ਧਰਤੀ 'ਤੇ ਜਬਰ-ਜ਼ੁਲਮ ਵਧ ਜਾਂਦਾ ਹੈ ਤਾਂ ਪਰਮਾਤਮਾ ਆਪਣੇ ਕਿਸੇ ਵਿਸ਼ੇਸ਼ ਦੂਤ ਨੂੰ ਭੇਜ ਕੇ ਮਨੁੱਖਤਾ ਵਿਚ ਨਵੀਂ ਰੂਹ ਫੂਕਦਾ ਹੈ ਤਾਂ ਜੋ ਲੋਕ ਜੁਲਮ ਦਾ ਮੁਕਾਬਲਾ ਕਰਨ ਦੇ ਯੋਗ ਹੋਣ ਤੇ ਆਪਣੇ ਹੱਕਾਂ ਲਈ ਬੋਲਣ ਦੀ ਜੁਰਅਤ ਕਰ ਸਕਣ। ਇਸੇ ਤਰ੍ਹਾਂ 1666 ਈਸਵੀ ਵਿਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਤੇਗ ਬਹਾਦਰ ਜੀ ਦੇ ਗ੍ਰਹਿ ਵਿਖੇ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ ਵਿਖੇ ਅਵਤਾਰ ਧਾਰਿਆ।

ਵੈਸੇ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ ਸਾਰੇ ਗੁਰੂ ਸਾਹਿਬਾਨ ਮਨੁੱਖਤਾ ਨੂੰ ਜ਼ਿੰਦਗੀ ਜਿਊਂਣ ਦੇ ਅਸੂਲ ਸਮਝਾਉਂਦੇ ਆ ਰਹੇ ਸਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਹਕੂਮਤ ਦੇ ਜਬਰ ਦਾ ਸਾਹਮਣਾ ਕਰਦੇ ਹੋਏ ਤੱਤੀ ਤਵੀ 'ਤੇ ਬੈਠ ਕੇ ਤਸ਼ੱਦਦ ਦਾ ਸ਼ਿਕਾਰ ਹੋ ਕੇ, ਭਾਣਾ ਮੰਨਦੇ ਹੋਏ ਸ਼ਹੀਦ ਹੋਣਾ ਪਿਆ ਪਰ ਹਕੂਮਤ ਨੇ ਇਸ ਕੁਰਬਾਨੀ ਤੋਂ ਵੀ ਕੋਈ ਸਬਕ ਨਹੀਂ ਲਿਆ। ਹਾਕਮ ਜ਼ਰੂਰ ਬਦਲਦੇ ਰਹੇ ਪਰ ਉਨ੍ਹਾਂ ਦੀਆਂ ਨੀਤੀਆਂ ਨਹੀਂ ਬਦਲੀਆਂ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਵੇਲੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦਾ ਕੱਟੜਪੁਣਾ ਸਭ ਹੱਦਾਂ ਬੰਨੇ ਟੱਪ ਗਿਆ ਸੀ। ਉਹ ਰੋਜ਼ ਸਵਾ ਮਣ ਜਨੇਊ ਲੁਹਾ ਕੇ ਲੋਕਾਂ ਨੂੰ ਜਬਰੀ ਮੁਸਲਮਾਨ ਬਣਾਉਣ ਲੱਗ ਪਿਆ ਸੀ। ਉਦੋਂ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ 'ਤੇ ਉਨ੍ਹਾਂ ਦਾ ਧਰਮ ਬਚਾਉਣ ਲਈ 'ਹਿੰਦ ਦੀ ਚਾਦਰ' ਬਣ ਕੇ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਹੋਣਾ ਪਿਆ।

ਜਬਰ-ਜ਼ੁਲਮ ਦਾ ਟਾਕਰਾ ਕਰਨ ਲਈ ਜਦੋਂ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਕਿ ਧਰਮ ਤਬਦੀਲੀ ਰੋਕਣ ਲਈ ਕਿਸੇ ਮਹਾਪੁਰਸ਼ ਦੀ ਕੁਰਬਾਨੀ ਦੀ ਲੋੜ ਹੈ ਤਾਂ ਉਸ ਵੇਲੇ ਨੌਂ ਸਾਲ ਦੀ ਆਯੂ ਦੇ ਬਾਲ ਗੋਬਿੰਦ ਰਾਏ ਝੱਟ ਬੋਲ ਪਏ ਕਿ 'ਆਪ ਤੋਂ ਵੱਡਾ ਮਹਾਪੁਰਸ਼ ਹੋਰ ਕੌਣ ਹੋ ਸਕਦਾ ਹੈ!' ਤਾਂ ਗੁਰੂ ਤੇਗ ਬਹਾਦਰ ਜੀ ਸਮਝ ਗਏ ਸਨ ਕਿ ਸਮਾਂ ਸੰਭਾਲਣ ਵਾਲੀ ਹਸਤੀ ਪੈਦਾ ਹੋ ਗਈ ਹੈ ਅਤੇ ਉਨ੍ਹਾਂ ਨੇ ਉਸੇ ਵੇਲੇ ਕਸ਼ਮੀਰੀ ਪੰਡਿਤਾਂ ਨੂੰ ਕਹਿ ਦਿੱਤਾ ਸੀ ਕਿ ਔਰੰਗਜ਼ੇਬ ਨੂੰ ਦੱਸ ਦੇਣ ਕਿ ਜੇ ਉਨ੍ਹਾਂ ਦਾ ਗੁਰੂ ਧਰਮ ਤਬਦੀਲ ਕਰ ਲਵੇਗਾ ਤਾਂ ਉਹ ਸਾਰੇ ਵੀ ਕਰ ਲੈਣਗੇ। ਔਰੰਗਜ਼ੇਬ ਇਹ ਸੁਣ ਕੇ ਬੜਾ ਖ਼ੁਸ਼ ਹੋਇਆ ਤੇ ਉਸ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾ ਲਿਆ। ਉਨ੍ਹਾਂ ਸਾਹਮਣੇ ਉਸ ਨੇ ਸ਼ਰਤਾਂ ਰੱਖੀਆਂ।ਕਿ ਉਹ ਕਰਾਮਾਤ ਦਿਖਾਉਣ ਜਾਂ ਇਸਲਾਮ ਕਬੂਲ ਲੈਣ, ਨਹੀਂ ਤਾਂ ਕੁਰਬਾਨੀ ਲਈ ਤਿਆਰ ਰਹਿਣ। ਗੁਰੂ ਜੀ ਨੇ ਬਾਦਸ਼ਾਹ ਦੀ ਕੋਈ ਸ਼ਰਤ ਨਾ ਮੰਨੀ। ਸੰਸਾਰ ਦੇ ਇਤਹਾਸ 'ਚ ਪਹਿਲੀ ਵਾਰ ਇਹ ਘਟਨਾ ਵਾਪਰੀ ਸੀ ਜਦੋਂ ਇਕ ਮਕਤੂਲ ਖ਼ੁਦ ਚੱਲ ਕੇ ਕਾਤਲ ਦੇ ਕੋਲ ਗਿਆ ਸੀ ਪਰ ਬੇਵਕੂਫ਼ ਹਾਕਮ ਉਸ ਸ਼ਖ਼ਸੀਅਤ ਦੀ ਪਛਾਣ ਕਰਨ 'ਚ ਅਸਮਰੱਥ ਰਿਹਾ ਪਰ ਜਦੋਂ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਤਾਂ ਉਦੋਂ 'ਸੀਸ ਦੀਆ ਪਰ ਸਿਰਰ ਨਾ ਦੀਆ' ਦੀ ਕਰਾਮਾਤ ਨੇ ਹਕੂਮਤ ਦੀਆਂ ਅੱਖਾਂ ਜਰੂਰ ਚੁੰਧਿਆ ਦਿੱਤੀਆਂ ਸਨ।

ਮੁਗ਼ਲਾਂ ਦੇ ਰਾਜ ਦੌਰਾਨ ਭਾਰਤ ਵਿਚ ਦੋ ਮਹਾਨ ਗੁਰੂਆਂ ਦੀ ਸ਼ਹਾਦਤ ਤੋਂ ਵੀ ਹਕੂਮਤ ਨੇ ਕੋਈ ਸਬਕ ਨਹੀਂ ਸਿੱਖਿਆ। ਜ਼ੁਲਮ ਤੇ ਤਸ਼ੱਦਦ ਚਰਮ ਸੀਮਾ 'ਤੇ ਪਹੁੰਚ ਗਏ ਸਨ, ਲੋਕਾਂ ਦੀ ਲੁੱਟ-ਖਸੁੱਟ ਤੇ ਧੱਕੇਸ਼ਾਹੀ ਜ਼ੋਰਾਂ 'ਤੇ ਸੀ। ਧਰਮ, ਜਾਤ ਤੇ ਊਚ-ਨੀਚ ਦਾ ਭੇਦਭਾਵ ਪੈਦਾ ਕਰ ਕੇ ਲੋਕਾਂ ਨੂੰ ਇਕ-ਦੂਜੇ ਤੋਂ ਦੂਰ ਕੀਤਾ ਜਾ ਰਿਹਾ ਸੀ। ਬਾਲ ਅਵਸਥਾ ਵਾਲੇ ਗੋਬਿੰਦ ਰਾਇ ਜੀ ਨੇ ਦੂਰਅੰਦੇਸ਼ੀ ਨਾਲ ਲੋਕਾਂ ਨੂੰ ਜਾਗ੍ਰਿਤ ਤੇ ਸੰਗਠਿਤ ਕੀਤਾ। ਲੋਕਾਂ ਨੂੰ ਸਮਝਾਇਆ ਕਿ ਜ਼ੁਲਮ ਬਰਦਾਸ਼ਤ ਕਰਨਾ ਵੀ ਓਨਾ ਹੀ ਮਾੜਾ ਹੈ ਜਿੰਨਾ ਜ਼ੁਲਮ ਕਰਨਾ ਹੁੰਦਾ ਹੈ। ਇਥੇ ਕੋਈ ਵੀ ਉੱਚਾ-ਨੀਵਾਂ ਨਹੀਂ, ਸਭ ਬਰਾਬਰ ਹਨ।

'ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ' ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਦੀ ਸਿੱਖਿਆ 'ਤੇ ਅਮਲ ਕਰਦੇ ਹੋਏ ਮਜ਼ਲੂਮਾਂ 'ਚ ਨਵੀਂ ਰੂਹ ਫੂਕਣ ਲਈ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਉਹ ਮਹਾਨ ਇਨਕਲਾਬੀ ਕਾਰਨਾਮਾ ਕੀਤਾ, ਜਿਸ ਦੀ ਦੁਨੀਆ 'ਚ ਕਿਧਰੇ ਵੀ ਮਿਸਾਲ ਨਹੀਂ ਮਿਲਦੀ। ਇਹ ਉਹ ਮਹਾਨ ਅਵਸਰ ਸੀ ਜਦੋਂ ਤਲਵਾਰ ਦੀ ਧਾਰ 'ਤੇ, ਸੰਗਤਾਂ ਦੇ ਭਾਰੀ ਇਕੱਠ ਵਿਚ ਨੰਗੀ ਕਿਰਪਾਨ ਹੱਥ 'ਚ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸੀਸ ਦੀ ਮੰਗ ਕੀਤੀ। ਇਕ-ਇਕ ਕਰ ਕੇ ਪੰਜ ਵਿਅਕਤੀ ਗੁਰੂ ਜੀ ਮੂਹਰੇ ਸੀਸ ਭੇਟ ਕਰਨ ਲਈ ਹਾਜ਼ਰ ਹੋਏ। ਗੁਰੂ ਜੀ ਉਨ੍ਹਾਂ ਨੂੰ ਤੰਬੂ ਵਿਚ ਲੈ ਗਏ ਪਰ ਜਦੋਂ ਉਹ ਪੰਜੇ ਵਿਅਕਤੀ 'ਪਿਆਰਿਆਂ' ਦੇ ਰੂਪ ਵਿਚ ਵੱਖਰੇ ਜਾਹੋ ਜਲਾਲ ਸਹਿਤ ਸਟੇਜ 'ਤੇ ਪਧਾਰੇ ਤਾਂ ਵੇਖਣ ਵਾਲੇ ਹੈਰਾਨ ਰਹਿ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਤੇ ਫਿਰ ਉਨ੍ਹਾਂ ਕੋਲੋਂ ਆਪ ਅੰਮ੍ਰਿਤ ਛਕ ਕੇ 'ਆਪੇ ਗੁਰੂ ਚੇਲਾ' ਦੀ ਪਰੰਪਰਾ ਕਾਇਮ ਕੀਤੀ। ਇਹ ਕ੍ਰਾਂਤੀਕਾਰੀ ਕਾਰਨਾਮਾ 'ਖ਼ਾਲਸੇ ਦੀ ਸਿਰਜਣਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸ ਨਾਲ ਗੁਰੂ ਜੀ ਨੇ ਜਾਤ-ਪਾਤ ਤੇ ਊਚ-ਨੀਚ ਰਹਿਤ ਸਮਾਜ ਦੀ ਸਥਾਪਨਾ ਦੀ ਨੀਂਹ ਰੱਖੀ।



13 ਜਨਵਰੀ, ਪ੍ਰਕਾਸ਼ ਦਿਹਾੜੇ 'ਤੇ

> **'ਏਕ ਪਿਤਾ ਏਕਸ ਕੇ ਹਮ ਬਾਰਕ' ਦੇ ਮਹਾਵਾਕ ਅਨੁਸਾਰ ਮਜ਼ਲੂਮਾਂ 'ਚ ਨਵੀਂ ਰੂਹ ਫੂਕਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਉਹ ਮਹਾਨ ਇਨਕਲਾਬੀ ਕਾਰਨਾਮਾ ਕੀਤਾ, ਜਿਸ ਦੀ ਮਿਸਾਲ ਦੁਨੀਆ ਵਿਚ ਹੋਰ ਕਿਧਰੇ ਨਹੀਂ ਮਿਲਦੀ...**

ਸਿੱਖ ਧਰਮ ਵਿਚ ਪੁਰਸ਼ਾਂ ਦੇ ਨਾਂ ਨਾਲ 'ਸਿੰਘ' ਤੇ ਔਰਤਾਂ ਦੇ ਨਾਂ ਨਾਲ 'ਕੌਰ' ਲਗਾਉਣ ਦੀ ਰਵਾਇਤ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਰੂ ਕੀਤੀ। 33 ਸਾਲ ਦੀ ਆਯੂ ਵੇਲੇ ਇਹ ਮਹਾਨ ਕੰਮ ਕਰ ਕੇ ਗੁਰੂ ਜੀ ਨੇ ਸਮਾਜ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ। ਪਹਾੜੀ ਤੇ ਮੁਗ਼ਲ ਰਾਜਿਆਂ ਦੇ ਮਨਾਂ 'ਚ ਇਸ ਨਾਲ ਡਰ ਪਨਪਣ ਲੱਗਾ ਤੇ ਆਨੇ ਬਹਾਨੇ ਉਨ੍ਹਾਂ ਨੇ ਗੁਰੂ ਜੀ ਨਾਲ ਲੜਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਜੀ ਨੇ ਪਹਾੜੀ ਰਾਜਿਆਂ ਜਾਂ ਮੁਗ਼ਲਾਂ ਨਾਲ ਜਿੰਨੀਆਂ ਵੀ ਲੜਾਈਆਂ ਲੜੀਆਂ, ਉਨ੍ਹਾਂ ਦਾ ਮੁੱਖ ਕਾਰਨ ਜਬਰ ਜ਼ੁਲਮ ਤੇ ਧੱਕਾ ਹੀ ਸੀ। ਕਿਸੇ ਵਿਅਕਤੀ ਵਿਸ਼ੇਸ਼ ਜਾਂ ਧਰਮ ਦੇ ਵਿਰੁੱਧ ਉਨ੍ਹਾਂ ਨੇ ਕੋਈ ਜੰਗ ਨਹੀਂ ਲੜੀ। ਗੁਰੂ ਸਾਹਿਬ ਦੀ ਫ਼ੌਜ ਵਿਚ ਹਿੰਦੂ-ਮੁਸਲਮਾਨ ਸਭ ਧਰਮਾਂ ਦੇ ਲੋਕ ਸਨ। ਕਿਸੇ ਨਾਲ ਵੀ ਉਨ੍ਹਾਂ ਨੇ ਕਦੇ ਕੋਈ ਵਿਤਕਰਾ ਨਹੀਂ ਕੀਤਾ। ਉਨ੍ਹਾਂ ਤੋਂ ਭੈਭੀਤ ਹੋਏ ਪਹਾੜੀ ਰਾਜਿਆਂ ਨੇ ਝੂਠੀਆਂ ਕਸਮਾਂ ਖਾ ਕੇ ਉਨ੍ਹਾਂ ਨੂੰ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰਨ ਲਈ ਮਨਾ ਲਿਆ ਪਰ ਜਦੋਂ ਉਨ੍ਹਾਂ ਨੇ ਕਿਲ੍ਹਾ ਖ਼ਾਲੀ ਕੀਤਾ ਤਾਂ ਮੁਗ਼ਲ ਫ਼ੌਜ ਦੀ ਮਦਦ ਨਾਲ ਗੁਰੂ ਜੀ ਦੀ ਫ਼ੌਜ ਉੱਪਰ ਹਮਲਾ ਕਰ ਦਿੱਤਾ। ਨਤੀਜੇ ਵਜੋਂ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਫਿਰ ਗਹਿਗੱਚ ਲੜਾਈ ਵਿਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ। ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੇ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਮਾਤਾ ਗੁਜਰੀ ਜੀ ਠੰਡੇ ਬੁਰਜ ਵਿਚ ਸਵਾਸ ਤਿਆਗ ਗਏ। ਸੰਸਾਰ ਵਿਚ ਕੁਰਬਾਨੀਆਂ ਦੀ ਅਜਿਹੀ ਮਿਸਾਲ ਕਿਧਰੇ ਨਹੀਂ ਮਿਲਦੀ। ਇਕ ਅਸਾਵੀਂ ਜੰਗ ਵਿਚ ਤੰਗੀਆਂ ਦੇ ਬਾਵਜੂਦ ਮੁਗ਼ਲ ਫ਼ੌਜ ਨਾਲ ਜੂਝਦੇ ਹੋਏ ਚਾਲੀ ਸਿੰਘ ਖਿਦਰਾਣੇ ਦੀ ਢਾਬ 'ਤੇ ਸ਼ਹਾਦਤ ਦਾ ਜਾਮ ਪੀ ਗਏ। ਇਸ ਜੰਗ ਵਿਚ ਮੁਗ਼ਲਾਂ ਦੀ ਕਰਾਰੀ ਹਾਰ ਹੋਈ।

ਮੁਗ਼ਲ ਫ਼ੌਜ ਦੀ ਹਾਰ ਤੋਂ ਪਿੱਛੋਂ ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਨਾਂ ਦੀ ਚਿੱਠੀ ਲਿਖ ਕੇ ਭੇਜੀ। ਔਰੰਗਜ਼ੇਬ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਉਸ ਨੇ ਗੁਰੂ ਸਾਹਿਬ ਨੂੰ ਮਿਲਣ ਦੀ ਤਾਂਘ ਦਰਸਾਈ ਸੀ। ਜ਼ਫ਼ਰਨਾਮਾ ਪੜ੍ਹ ਕੇ ਔਰੰਗਜੇਬ ਏਨਾ ਡਰ ਗਿਆ ਸੀ ਕਿ ਕਮਜ਼ੋਰੀ ਦੀ ਹਾਲਤ ਵਿਚ ਗੁਰੂ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਹੀ 88 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋ ਗਈ। ਇਸ ਤੋਂ ਪਿੱਛੋਂ ਔਰੰਗਜ਼ੇਬ ਦੇ ਪਰਿਵਾਰ 'ਚ ਖ਼ਾਨਾਜੰਗੀ ਸ਼ੁਰੂ ਹੋ ਗਈ। ਉਸ ਦੇ ਸਭ ਤੋਂ ਛੋਟੇ ਬੇਟੇ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਪਾਸੋਂ ਮਦਦ ਮੰਗੀ। ਗੁਰੂ ਜੀ ਉਸ ਦੇ ਨਾਲ ਹੀ ਦੱਖਣ ਨੂੰ ਚੱਲ ਪਏ। ਉਸ ਦਾ ਰਾਜ ਕਾਇਮ ਹੋ ਗਿਆ। ਗੁਰੂ ਸਾਹਿਬ ਨੰਦੇੜ ਸਾਹਿਬ ਦੇ ਸਥਾਨ 'ਤੇ ਠਹਿਰ ਗਏ। ਇਸੇ ਅਸਥਾਨ 'ਤੇ ਗੁਰੂ ਸਾਹਿਬ ਨੇ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਰੁਤਬਾ ਦਿੱਤਾ। ਇਥੋਂ ਹੀ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੁਝ ਸਿੰਘਾਂ ਸਮੇਤ ਪੰਜਾਬ ਭੇਜਿਆ। 1708 ਈਸਵੀ ਨੂੰ ਨੰਦੇੜ ਵਿਖੇ ਗੋਦਾਵਰੀ ਨਦੀ ਦੇ ਕਿਨਾਰੇ ਗੁਰੂ ਸਾਹਿਬ ਜੋਤੀ ਜੋਤਿ ਸਮਾਏ।

ਗੁਰੂ ਗੋਬਿੰਦ ਸਿੰਘ ਜੀ ਨੇ ਹੱਕ, ਸੱਚ ਅਤੇ ਬਰਾਬਰੀ ਦਾ ਰਾਜ ਕਾਇਮ ਕਰਨ ਲਈ ਸਾਰਾ ਪਰਿਵਾਰ ਵਾਰ ਦਿੱਤਾ। ਗੁਰਗੱਦੀ ਦੀ ਲਾਲਸਾ ਨੂੰ ਖ਼ਤਮ ਕਰਨ ਲਈ ਉਨ੍ਹਾਂ ਨੇ ਮਨੁੱਖਤਾ ਨੂੰ 'ਸ਼ਬਦ ਗੁਰੂ' ਦੇ ਲੜ ਲਾਇਆ। ਫਿਰ ਵੀ ਅਸੀਂ ਉਨ੍ਹਾਂ ਹੀ ਘੁੰਮਣਘੇਰੀਆਂ 'ਚ ਫਸੇ ਹੋਏ ਹਾਂ, ਜਾਤ-ਪਾਤ ਤੇ ਊਚ-ਨੀਚ ਹਾਲੇ ਤਕ ਪਿੱਛਾ ਨਹੀਂ ਛੱਡ ਰਹੀ, ਲਾਲਸਾ, ਸਵਾਰਥ ਤੇ ਭ੍ਰਿਸ਼ਟਾਚਾਰ ਨੇ ਸਮਾਜ ਦਾ ਨਾਸ ਕੀਤਾ ਹੋਇਆ ਹੈ। ਹਾਕਮ ਤੇ ਅਮੀਰੀ ਦੇ ਲਾਲਚੀ ਧਨ ਦੇ ਅੰਬਾਰ ਇਕੱਠੇ ਕਰੀ ਜਾ ਰਹੇ ਹਨ ਤੇ ਆਮ ਲੋਕ ਤੰਗੀਆਂ-ਤੁਰਸ਼ੀਆਂ ਨਾਲ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਦੀ ਲੋੜ ਹੈ। ਇਹ ਬੇਮੁੱਖਤਾ ਹੀ ਸਾਡੀ ਅਧੋਗਤੀ ਦਾ ਮੁੱਖ ਕਾਰਨ ਹੈ। ਗੁਰੂ ਸਾਹਿਬ ਨੇ ਤਾਂ ਸਪਸ਼ਟ ਕਰ ਦਿੱਤਾ ਸੀ ਕਿ 'ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ' ਪਰ ਅਸੀਂ ਰਹਿਤ ਨੂੰ ਤਿਲਾਂਜਲੀ ਦੇ ਕੇ ਅਡੰਬਰਾਂ 'ਚ ਫਸ ਗਏ ਹਾਂ, ਊਚ-ਨੀਚ ਤੇ ਜਾਤ-ਪਾਤ ਨੂੰ ਅਸੀਂ ਖ਼ਾਲਸੇ ਦੀ ਸਿਰਜਣਾ ਤੋਂ ਬਾਅਦ ਵੀ ਛੱਡ ਨਹੀਂ ਸਕੇ।

ਗੁਰੂ ਸਾਹਿਬ ਬਹੁਤ ਵੱਡੇ ਸਮਾਜ ਸੁਧਾਰਕ ਤੇ ਸਮਾਜਵਾਦ ਦੇ ਬਾਨੀ ਸਨ। ਮਨੁੱਖਤਾ ਦੀ ਅਸਲੀਅਤ ਨੂੰ ਸਮਝਦੇ ਹੋਏ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਦੀ ਲੋੜ ਹੈ ਤਾਂ ਜੋ ਧਰਮਾਂ, ਮਜ਼ਹਬਾਂ ਤੇ ਜਾਤਾਂ-ਪਾਤਾਂ ਦੇ ਵਖਰੇਵੇਂ ਖ਼ਤਮ ਹੋਣ ਤੇ 'ਸਭੇ ਸਾਂਝੀਵਾਲ ਸਦਾਇਣ' ਦੀ ਭਾਵਨਾ ਨੂੰ ਸਮਝਦੇ ਹੋਏ ਪ੍ਰੇਮ ਤੇ ਪਿਆਰ ਨਾਲ ਜ਼ਿੰਦਗੀ ਜਿਊਂਣ ਦੇ ਸਮਰੱਥ ਹੋ ਸਕੀਏ। •

# ਪੰਜਾਬ 'ਚ ਸੂਫ਼ੀਵਾਦ ਦਾ ਆਗਮਨ

ਪੰਜਾਬ ਵਿਚ ਸੂਫ਼ੀਵਾਦ ਦਾ ਆਗਮਨ ਗਿਆਰ੍ਹਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਦੇ ਹਮਲਿਆਂ ਤੋਂ ਬਾਅਦ ਹੋਇਆ। ਪੰਜਾਬ ਦੇ ਮੁੱਢਲੇ ਸੂਫ਼ੀਆ ਵਿਚ ਹਜ਼ਰਤ ਸ਼ੇਖ਼ ਅਲੀ ਹੁਜਵੀਰੀ ਸਨ। ਇਸ ਤੋਂ ਇਲਾਵਾ ਹਜ਼ਰਤ ਸ਼ੇਖ਼ ਫ਼ਰੀਦ (1173-1266), ਸੱਈਅਦ ਅਹਿਮਦ ਸੁਲਤਾਨ ਸਖ਼ੀ ਸਰਵਰ ਅਤੇ ਬਹਾਉ-ਦੀਨ ਜ਼ਕਰੀਆ ਆਦਿ ਪੰਜਾਬ ਆ ਕੇ ਇਸ ਨੂੰ ਆਪਣੀ ਕਰਮ ਭੂਮੀ ਬਣਾਉਣ ਵਾਲੇ ਪਹਿਲੇ ਸੂਫ਼ੀ ਦਰਵੇਸ਼ ਸਨ। ਪੰਜਾਬੀ ਬੋਲੀ ਵਿਚ ਸਾਹਿਤ ਦੀ ਸ਼ੁਰੂਆਤ ਪ੍ਰਸਿੱਧ ਸੂਫ਼ੀ ਦਰਵੇਸ਼ ਸ਼ੇਖ਼ ਫ਼ਰੀਦ–ਉਦ–ਦੀਨ ਸ਼ਕਰਗੰਜ (ਬਾਬਾ ਫ਼ਰੀਦ ਜੀ) ਤੋਂ ਹੋਈ ਮੰਨੀ ਜਾਂਦੀ ਹੈ। ਸ਼ਾਹ ਹੁਸੈਨ, ਸਾਈਂ ਬੁੱਲ੍ਹੇ ਸ਼ਾਹ, ਹਜ਼ਰਤ ਸੁਲਤਾਨ ਬਾਹੂ, ਅਲੀ ਹੈਦਰ, ਫ਼ਰਦ ਫ਼ਕੀਰ, ਸੱਈਅਦ ਹਾਸ਼ਮ ਸ਼ਾਹ, ਵਜੀਦ, ਦਾਨਾ, ਖ਼ੁਆਜ਼ਾ ਗ਼ੁਲਾਮ ਫ਼ਰੀਦ ਆਦਿ ਸੂਫ਼ੀ ਕਵੀਆ ਦੁਆਰਾ ਇਹ ਕਾਵਿ-ਧਾਰਾ ਨਿਰੰਤਰ ਵਿਕਾਸ ਕਰਦੀ ਰਹੀ। ਬਾਬਾ ਫ਼ਰੀਦ ਜੀ ਤੋਂ ਆਰੰਭ ਹੋਈ ਇਸ ਕਾਵਿ-ਧਾਰਾ ਦੇ ਅੰਤਮ ਮਹਾਨ ਸੂਫ਼ੀ ਕਵੀ ਖ਼ੁਆਜਾ ਗ਼ੁਲਾਮ ਫ਼ਰੀਦ (1845-1901) ਸਨ। ਸੂਫ਼ੀ ਕਵੀਆਂ ਦੀ ਬਹੁਤੀ ਕਵਿਤਾ ਕਾਫ਼ੀਆਂ, ਬਾਰਾਂਮਾਹਾ, ਸਤਵਾਰਾ, ਸੀਹਰਫ਼ੀ, ਬੈਂਤ, ਦੋਹਾ, ਡਿਓਢ, ਸ਼ਬਦ ਆਦਿ ਰੂਪਾਂ ਵਿਚ ਹੈ। ਜ਼ਿਆਦਾਤਰ ਸੂਫ਼ੀਆਂ ਨੇ ਆਪਣੇ ਕਲਾਮ ਨੂੰ ਰਾਗਬੱਧ ਤਰੀਕੇ ਨਾਲ ਲਿਖਿਆ ਹੈ। •

**ਸਿੱਖ ਦੀ ਕਿਰਪਾਨ ਹਮੇਸ਼ਾ ਕ੍ਰਿਪਾ ਕਰਨ ਲਈ ਉੱਠੀ ਹੈ। ਦੇਸ਼, ਧਰਮ, ਕੌਮ ਤੇ ਮਨੁੱਖਤਾ ਦੇ ਵੈਰੀਆਂ ਵਿਰੁੱਧ ਚੱਟਾਨ ਬਣ ਕੇ ਖੜ੍ਹੇ ਹੁੰਦੇ ਰਹੇ ਹਨ ਸਿੱਖ ਅਤੇ ਸਿੱਖਾਂ ਦੀ ਕਿਰਪਾਨ...**



ਪੰਜ ਕਕਾਰ -2

# ਕਿਰਪਾਨ



ਇਕਵਾਕ ਸਿੰਘ ਪੱਟੀ
94633-33293

ਕਿਰਪਾਨ ਸਿੱਖ ਧਰਮ ਵਿਚ ਪ੍ਰਚਲਿਤ ਪੰਜ ਕਕਾਰਾਂ ਵਿਚੋਂ ਅਹਿਮ ਹੈ। ਲੋਹੇ ਜਾਂ ਇਸਪਾਤ ਦਾ ਬਣਿਆ ਇਕ ਅਜਿਹਾ ਹਥਿਆਰ ਜਾਂ ਸ਼ਸਤਰ, ਜਿਸ ਨੂੰ ਮਜ਼ਲੂਮਾਂ ਅਤੇ ਸਵੈ-ਰੱਖਿਆ ਦੀ ਖ਼ਾਤਰ ਅਤਿਆਚਾਰ ਵਿਰੁੱਧ ਵਰਤਿਆ ਜਾਣਾ ਹੁੰਦਾ ਹੈ। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ ਨੰਬਰ 359 'ਤੇ ਕਿਰਪਾਨ ਦੇ ਅਰਥ ਕਰਦਿਆਂ ਲਿਖਦੇ ਹਨ ਕਿ, 'ਕ੍ਰਿਪਾਨ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਜੋ ਕ੍ਰਿਪਾ ਨੂੰ ਫੈਂਕ ਦੇਵੇ, ਜਿਸ ਦੇ ਚਲਾਉਣੇ ਵੇਲੇ ਰਹਿਮ ਨਾ ਆਵੇ, ਤਲਵਾਰ, ਸ੍ਰੀ ਸਾਹਿਬ, ਸ਼ਮਸ਼ੇਰ, ਸਿੰਘਾਂ ਦਾ ਦੂਜਾ ਕਕਾਰ, ਜੋ ਅੰਮ੍ਰਿਤਧਾਰੀ ਨੂੰ ਪਹਿਨਣਾ ਵਿਧਾਨ ਹੈ।' ਇਸੇ ਤਰ੍ਹਾਂ ਗੁਰਮਤਿ ਮਾਰਤੰਡ ਦੇ ਪੰਨਾ 108 ਉੱਪਰ ਜ਼ਿਕਰ ਕਰਦੇ ਹਨ ਕਿ 'ਗੁਰੂ ਗੋਬਿੰਦ ਸਿੰਘ ਜੀ ਨੇ ਸਵੈ ਰੱਖਿਆ ਅਤੇ ਦੇਸ਼ ਰੱਖਿਆ ਵਾਸਤੇ ਸ਼ਸਤਰ ਧਾਰਨੇ ਸਮਾਜਿਕ ਨਿਯਮ ਥਾਪਿਆ ਹੈ।'

ਇਤਿਹਾਸ ਗਵਾਹ ਹੈ ਕਿ ਸਿੱਖ ਦੀ ਕਿਰਪਾਨ ਹਮੇਸ਼ਾ ਕ੍ਰਿਪਾ ਕਰਨ ਲਈ ਉੱਠਦੀ ਰਹੀ ਹੈ, ਜ਼ੁਲਮ ਲਈ ਨਹੀਂ। ਦੇਸ਼, ਧਰਮ, ਕੌਮ ਅਤੇ ਮਨੁੱਖਤਾ ਦੇ ਵੈਰੀਆਂ ਵਿਰੁੱਧ ਹਮੇਸ਼ਾ ਚੱਟਾਨ ਬਣ ਕੇ ਖੜ੍ਹੇ ਹੁੰਦੇ ਰਹੇ ਹਨ ਸਿੱਖ ਅਤੇ ਸਿੱਖਾਂ ਦੀ ਕਿਰਪਾਨ। ਪੰਜ ਕਕਾਰਾਂ ਵਿਚੋਂ ਕਿਰਪਾਨ ਨੂੰ ਗਾਤਰੇ ਵਿਚ ਪਾ ਕੇ ਧਾਰਨ ਕੀਤਾ ਜਾਂਦਾ ਹੈ। ਸਿੱਖ ਧਾਰਮਿਕ ਆਗੂ ਤੇ ਜੁਝਾਰੂ ਸਿੰਘ ਗਲ ਵਿਚ ਪਾਈ ਕਿਰਪਾਨ ਤੋਂ ਇਲਾਵਾ ਹੱਥਾਂ ਵਿਚ ਵੀ ਕਿਰਪਾਨ ਫੜ ਕੇ ਰੱਖਦੇ ਹਨ। ਛੇਵੇਂ ਪਾਤਸ਼ਾਹ ਨੇ ਖ਼ੁਦ ਦੋ ਕਿਰਪਾਨਾਂ ਧਾਰਨ ਕੀਤੀਆਂ, ਜਿਨ੍ਹਾਂ ਨੂੰ ਮੀਰੀ-ਪੀਰੀ ਦੇ ਸਿਧਾਂਤ, ਭਾਵ 'ਭਗਤੀ ਤੇ ਸ਼ਕਤੀ' ਦੇ ਦ੍ਰਿਸ਼ਟਾਂਤ ਨਾਲ ਦੇਖਿਆ ਜਾਂਦਾ ਹੈ।

ਭਾਵੇਂ ਕਿਰਪਾਨ ਦੀ ਲੰਬਾਈ ਨਿਯਤ ਨਹੀਂ ਕੀਤੀ ਗਈ ਪਰ ਇਕ ਫੁੱਟ ਤੋਂ ਤਿੰਨ ਫੁੱਟ ਤਕ ਦੇ ਕਿਸੇ ਵੀ ਆਕਾਰ ਦੀ ਕਿਰਪਾਨ ਹਰ ਅੰਮ੍ਰਿਤਧਾਰੀ ਸਿੱਖ ਧਾਰਨ ਕਰਦਾ ਹੈ। ਅਜੋਕੇ ਸਮੇਂ ਬਹੁਤ ਛੋਟੀ ਜਿਹੀ ਕਿਰਪਾਨ ਕੰਘੇ ਵਿਚ ਹੀ ਧਾਰਨ ਕਰ ਲਈ ਜਾਂਦੀ ਹੈ, ਜਿਸ ਕਾਰਨ ਇਹ ਸ਼ਸਤਰ ਇਕ ਚਿੰਨ੍ਹ ਮਾਤਰ ਬਣ ਰਿਹਾ ਹੈ, ਜੋ ਕਿ ਅਯੋਗ ਹੈ। ਨਿਹੰਗ ਸਿੰਘਾਂ ਵੱਲੋਂ ਅੱਜ ਵੀ ਪੂਰਨ ਪੰਜ ਕਕਾਰਾਂ ਦੀ ਵਰਦੀ ਧਾਰਨ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਪੰਥ ਪ੍ਰਤੀ ਮਹਾਨ ਸੇਵਾਵਾਂ ਨਿਭਾਏ ਜਾਣ 'ਤੇ ਕਿਰਪਾਨ ਅਤੇ ਸਿਰੋਪਾਓ ਦੇ ਕੇ ਮਾਣ ਬਖ਼ਸ਼ਣ ਦਾ ਵੀ ਰਿਵਾਜ ਹੈ। ਆਮ ਤੌਰ 'ਤੇ ਜ਼ਿਕਰ ਆਉਂਦਾ ਹੈ ਕਿ ਜਦ ਹੱਕ, ਸੱਚ ਅਤੇ ਇਨਸਾਫ਼ ਦੀ ਲੜ੍ਹਾਈ ਵਿਚ ਸਾਰੇ ਹੀਲੇ ਖ਼ਤਮ ਹੋ ਜਾਣ ਤਾਂ ਦੁਸ਼ਮਣ ਵਿਰੁੱਧ ਕਿਰਪਾਨ ਚੁੱਕਣੀ ਜਾਇਜ਼ ਹੈ। •



ਸੂਫ਼ੀ ਸਿਲਸਿਲਾ - 5

# ਕੁਬਰਵੀ



**ਹਜ਼ਰਤ ਸ਼ੇਖ਼ ਨਜ਼ਾਮੁੱਦੀਨ ਕੁਬਰਾ 'ਕੁਬਰਵੀ' ਸਿਲਸਿਲੇ ਦੇ ਬਾਨੀ ਸਨ। ਉਹ ਮੱਧ ਏਸ਼ੀਆ ਦੇ ਰਹਿਣ ਵਾਲੇ ਸਨ। ਮੰਗੋਲਾਂ ਦੇ ਹਮਲਿਆਂ ਤੋਂ ਤੰਗ ਆ ਕੇ ਉਹ ਭਾਰਤ ਆ ਗਏ ਸਨ..**

ਸੂਫ਼ੀਆਂ ਦੇ ਖ਼ਾਨਦਾਨ, ਸੂਫ਼ੀਆਂ ਦੀ ਸੰਪਰਦਾਇ ਨੂੰ 'ਸਿਲਸਿਲਾ' ਕਿਹਾ ਜਾਂਦਾ ਹੈ। ਸੂਫ਼ੀ ਸਿਲਸਿਲਿਆਂ ਦਾ ਆਰੰਭ ਹਜ਼ਰਤ ਅਬੂ ਬਕਰ ਸਿੱਦੀਕੀ ਅਤੇ ਹਜ਼ਰਤ ਅਲੀ ਮੁਰਤਜ਼ਾ ਦੇ ਸਮੇਂ ਤੋਂ ਮੰਨਿਆ ਜਾਂਦਾ ਹੈ। ਸੂਫ਼ੀਮਤ ਦੇ ਮੁੱਢਲੇ ਦੌਰ ਵਿਚ 14 ਸੂਫ਼ੀ ਸਿਲਸਿਲੇ ਪ੍ਰਚਲਿਤ ਹੋਏ। ਬਾਅਦ ਵਿਚ ਹੋਰ ਸੂਫ਼ੀ ਬਜ਼ੁਰਗਾਂ ਤੋਂ ਬਹੁਤ ਸਾਰੇ ਸਿਲਸਿਲਿਆਂ ਦਾ ਪ੍ਰਚਲਨ ਜਾਰੀ ਰਿਹਾ।

ਹਜ਼ਰਤ ਸ਼ੇਖ਼ ਨਜ਼ਾਮੁੱਦੀਨ ਕੁਬਰਾ ਨੂੰ ਕੁਬਰਵੀ ਸਿਲਸਿਲੇ ਦੇ ਬਾਨੀ ਮੰਨਿਆ ਜਾਂਦਾ ਹੈ। ਉਹ ਖ਼ਵਾਰਿਜ਼ਮ (ਮੱਧ ਏਸ਼ੀਆ) ਦੇ ਰਹਿਣ ਵਾਲੇ ਸਨ। ਮੰਗੋਲਾਂ ਦੇ ਹਮਲਿਆਂ ਤੋਂ ਤੰਗ ਆ ਕੇ ਕੁਬਰਵੀ ਸਿਲਸਿਲੇ ਦੇ ਦਰਵੇਸ਼ਾਂ ਨੇ ਭਾਰਤ ਵੱਲ ਰੁਖ਼ ਕੀਤਾ। ਭਾਰਤ ਵਿਚ ਇਸ ਸਿਲਸਿਲੇ ਦਾ ਜ਼ਿਆਦਾ ਪ੍ਰਚਾਰ ਕਸ਼ਮੀਰ ਵਿਚ ਹੋਇਆ। ਕਸ਼ਮੀਰ ਵਿਚ ਇਸ ਸਿਲਸਿਲੇ ਦਾ ਪ੍ਰਚਾਰ ਹਜ਼ਰਤ ਸੱਯਦ ਤਾਜੁੱਦੀਨ ਅਤੇ ਪ੍ਰਸਿੱਧ ਸੂਫ਼ੀ ਸ਼ੇਖ਼ ਮੀਰ ਅਲੀ ਹਮਦਾਨੀ ਨੇ ਕੀਤਾ। ਹਜ਼ਰਤ ਮੀਰ ਅਲੀ ਹਮਦਾਨੀ ਮੂਲ ਰੂਪ ਵਿਚ ਈਰਾਨ ਦੇ ਰਹਿਣ ਵਾਲੇ ਸਨ। ਉਨ੍ਹਾਂ ਨਾਲ ਬਹੁਤ ਸਾਰੇ ਸੂਫ਼ੀ ਸ਼ੇਖ਼ ਕਸ਼ਮੀਰ ਵਿਚ ਆਏ ਜਿਨ੍ਹਾਂ ਨੇ ਕਸ਼ਮੀਰ ਦੇ ਵੱਖ-ਵੱਖ ਇਲਾਕਿਆਂ ਵਿਚ ਸੂਫ਼ੀਮਤ ਦਾ ਪ੍ਰਚਾਰ ਕੀਤਾ। ਹਜ਼ਰਤ ਮੀਰ ਅਲੀ ਹਮਦਾਨੀ ਤੋਂ ਇਲਾਵਾ ਕਸ਼ਮੀਰ ਵਿਚ ਇਸ ਸੂਫ਼ੀ ਸਿਲਸਿਲੇ ਦੇ ਹਜ਼ਰਤ ਇਸਮਾਈਲ, ਹਜ਼ਰਤ ਸੱਯਦ ਹਿਸਾਰੀ, ਹਜ਼ਰਤ ਬਾਬਾ ਅਲੀ ਨਾਜ਼ਕ ਅਤੇ ਹਜ਼ਰਤ ਸ਼ੇਖ਼ ਯਾਕੂਬ ਅਲੀ ਵੀ ਪ੍ਰਸਿੱਧ ਸੂਫ਼ੀ ਦਰਵੇਸ਼ ਹੋਏ ਹਨ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ
94634-63193

# ਚਾਲੀ ਮੁਕਤਿਆਂ ਦਾ ਸ਼ਹੀਦੀ ਅਸਥਾਨ ਸ੍ਰੀ ਮੁਕਤਸਰ ਸਾਹਿਬ



14 ਜਨਵਰੀ, ਮਾਘੀ 'ਤੇ ਵਿਸ਼ੇਸ਼

**ਫਿਰੋਜ਼ਪੁਰ ਜ਼ਿਲ੍ਹੇ ਦੇ ਨਗਰ ਜਲਾਲਾਬਾਦ ਨੇੜੇ ਤਿੰਨ ਖੱਤਰੀ ਭਰਾਵਾਂ ਨੇ ਇਲਾਕੇ 'ਚ ਪਾਣੀ ਦੀ ਥੁੜ੍ਹ ਨੂੰ ਵੇਖਦਿਆਂ ਤਿੰਨ ਢਾਬਾਂ ਖੁਦਵਾਈਆਂ। ਇਹ ਢਾਬਾਂ ਤਿੰਨਾਂ ਭਰਾਵਾਂ ਦੇ ਨਾਂ 'ਤੇ ਖਿਦਰਾਣਾ, ਰੁਪਾਣਾ ਤੇ ਧਿੰਗਾਣਾ ਦੇ ਨਾਂ 'ਤੇ ਮਸ਼ਹੂਰ ਹੋਈਆਂ। ਇਨ੍ਹਾਂ ਵਿਚੋਂ ਖਿਦਰਾਣਾ ਦੀ ਢਾਬ ਨੇੜੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਗ਼ਲਾਂ ਨਾਲ ਆਖ਼ਰੀ ਜੰਗ ਹੋਈ ਅਤੇ ਗੁਰੂ ਸਾਹਿਬ ਨੇ 40 ਸਿੰਘਾਂ ਦੇ ਦਿੱਤੇ ਹੋਏ ਬੇਦਾਵੇ ਨੂੰ ਚਾਕ ਕਰਨ ਉਪਰੰਤ ਇਸ ਅਸਥਾਨ ਦਾ ਨਾਂ 'ਮੁਕਤਸਰ' ਰੱਖਿਆ...**



ਧਰਮਿੰਦਰ ਸਿੰਘ ਚੱਬਾ

ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹੈ 'ਸ੍ਰੀ ਮੁਕਤਸਰ ਸਾਹਿਬ।' 'ਮੁਕਤਾ' ਸ਼ਬਦ ਦਾ ਅਰਥ ਹੈ ਬੰਧਨ ਰਹਿਤ, ਅਜ਼ਾਦ ਹੋਣਾ, ਮੁਕਤੀ ਨੂੰ ਪ੍ਰਾਪਤ ਹੋਣਾ। ਮੁਕਤਸਰ ਸਾਹਿਬ ਦਾ ਉਸ ਸਮੇਂ ਇਹ ਇਲਾਕਾ 'ਖਿਦਰਾਣੇ ਦੀ ਢਾਬ' ਦੇ ਨਾਂ ਨਾਲ ਮਸ਼ਹੂਰ ਸੀ। ਇਤਿਹਾਸ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਸਿੱਧ ਨਗਰ ਜਲਾਲਾਬਾਦ ਦੇ ਤਿੰਨ ਖੱਤਰੀ ਭਰਾ ਸਨ। ਉਹ ਅਮੀਰ ਸਨ ਤੇ ਪਰਮਾਤਮਾ ਦੀ ਬੰਦਗੀ ਵਾਲੇ ਇਨਸਾਨ ਸਨ। ਇਨ੍ਹਾਂ ਦੇ ਨਾਂ ਖਿਦਰਾਣਾ, ਧਿਗਾਣਾ ਤੇ ਰੁਪਾਣਾ ਸਨ। ਇਸ ਇਲਾਕੇ ਵਿਚ ਪਾਣੀ ਦੀ ਹਮੇਸ਼ਾ ਕਮੀ ਰਹਿੰਦੀ ਸੀ। ਰੇਤਲਾ ਇਲਾਕਾ ਤੇ ਪਾਣੀ ਦੀ ਥੁੜ੍ਹ ਰਹਿਣ ਕਾਰਨ ਤਿੰਨਾਂ ਭਰਾਵਾਂ ਨੇ ਤਿੰਨ ਢਾਬਾਂ ਖੁਦਵਾਈਆਂ। ਹਰ ਸਾਲ ਸਾਉਣ ਦੇ ਮਹੀਨੇ ਮੀਂਹ ਪੈਣ ਕਾਰਨ ਇਹ ਢਾਬਾਂ ਪਾਣੀ ਨਾਲ ਭਰ ਜਾਂਦੀਆਂ ਸਨ ਅਤੇ ਇਥੇ ਇਤਨਾ ਪਾਣੀ ਜਮ੍ਹਾਂ ਹੋ ਜਾਂਦਾ ਕਿ ਸਾਰਾ ਸਾਲ ਆਦਮੀ ਤੇ ਪਸ਼ੂ-ਪੰਛੀ ਪਾਣੀ ਪੀਣ ਲਈ ਆਉਂਦੇ ਰਹਿੰਦੇ ਸਨ। ਇਨ੍ਹਾਂ ਤਿੰਨਾਂ ਢਾਬਾਂ ਕਰਕੇ ਤਿੰਨਾਂ ਭਰਾਵਾਂ ਦੇ ਨਾਂ 'ਤੇ ਤਿੰਨ ਪਿੰਡ ਖਿਦਰਾਣਾ, ਰੁਪਾਣਾ ਤੇ ਧਿੰਗਾਣਾ ਵੱਸ ਗਏ।

ਮੁਕਤਸਰ ਦੇ ਇਤਿਹਾਸ ਦਾ ਸਬੰਧ ਦਸਮੇਸ਼ ਪਿਤਾ ਨਾਲ ਜੁੜਦਾ ਹੈ। ਇਸ ਅਸਥਾਨ 'ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਹਕੂਮਤ ਵਿਰੁੱਧ ਆਖ਼ਰੀ ਜੰਗ ਕੀਤੀ ਤੇ ਹਕੂਮਤ ਦੀਆਂ ਜੜ੍ਹਾਂ ਪੁੱਟ ਕੇ ਰੱਖ ਦਿੱਤੀਆਂ। ਇਸ ਪਾਵਨ ਪਵਿੱਤਰ ਅਸਥਾਨ 'ਤੇ ਗੁਰੂ ਜੀ ਨੇ ਆਪਣੇ ਤੋਂ ਬੇਮੁੱਖ ਹੋ ਕੇ ਗਏ ਮਾਝੇ ਦੇ ਚਾਲੀ ਸਿੰਘਾਂ ਨੂੰ ਜਨਮ-ਮਰਨ ਤੋਂ ਮੁਕਤ ਕਰ ਕੇ ਟੁੱਟੀ ਗੰਢੀ। ਗੁਰੂ ਜੀ ਨੇ ਹਮੇਸ਼ਾ ਹੱਕ, ਸੱਚ ਲਈ ਧਰਮ ਯੁੱਧ ਕੀਤੇ। ਇਹ ਆਖ਼ਰੀ ਲੜਾਈ ਸੀ ਜਦ ਗੁਰੂ ਸਾਹਿਬ ਨੇ ਮਾਤਾ ਗੁਜਰੀ ਜੀ ਅਤੇ ਸਿੰਘਾਂ ਦੇ ਕਹਿਣ 'ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਉਹ ਕੀਰਤਪੁਰ, ਰੋਪੜ, ਕੋਟਲਾ ਨਿਹੰਗ, ਕਾਂਗੜ, ਦੀਨਾ ਰੁਖਾਲਾ, ਗੁਰੂਸਰ, ਭਾਈ ਭਗਤਾ, ਬਰਗਾੜੀ, ਬਹਿਬਲ, ਸਰਾਵਾਂ, ਪੱਤੋਂ, ਜੈਤ ਦੱਭ ਵਾਲੀ, ਮਲੂਕ ਦਾ ਕੋਟ ਤੇ ਕੋਟਕਪੂਰੇ ਪਹੁੰਚੇ। ਉੱਥੇ ਗੁਰੂ ਜੀ ਕੋਟਕਪੂਰੇ ਦੇ ਚੌਧਰੀ ਕਪੂਰੇ ਨੂੰ ਮਿਲੇ ਤੇ ਉਸ ਕੋਲੋਂ ਪਿੱਛਾ ਕਰ ਰਹੇ ਮੁਗ਼ਲਾਂ ਦੇ ਖ਼ਾਤਮੇ ਲਈ ਉਸ ਦਾ ਕਿਲ੍ਹਾ ਮੰਗਿਆ ਤਾਂ ਮੁਗ਼ਲਾਂ ਦੇ ਡਰ ਤੋਂ ਉਸ ਨੇ ਗੁਰੂ ਜੀ ਨੂੰ ਕਿਲ੍ਹਾ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਜੀ ਖਿਦਰਾਣੇ ਦੀ ਢਾਬ ਵੱਲ ਚੱਲ ਪਏ। ਉਧਰ ਮਾਤਾ ਭਾਗੋ ਜੀ ਨੇ ਗੁਰੂ ਸਾਹਿਬ ਤੋਂ ਬੇਮੁੱਖ ਹੋ ਕੇ ਗਏ ਮਾਝੇ ਦੇ ਚਾਲੀ ਸਿੰਘਾਂ ਨੂੰ ਪ੍ਰੇਰਿਤ ਕਰ ਕੇ ਆਪਣੀ ਅਗਵਾਈ ਵਿਚ ਇਸ ਯੁੱਧ ਵਿਚ ਸ਼ਾਮਲ ਹੋਣ ਲਈ ਆਪਣੇ ਪਤੀ ਤੇ ਭਰਾਵਾਂ ਸਮੇਤ ਚੱਲ ਪਏ।

ਗੁਰੂ ਸਾਹਿਬ ਨੂੰ ਇਕ ਸਿੱਖ ਨੇ ਦੱਸਿਆ ਕਿ ਮੁਗ਼ਲ ਫ਼ੌਜਾਂ ਵਾਹੋ-ਦਾਹੀ ਕਰਦੀਆਂ ਨੇੜੇ ਹੀ ਪਹੁੰਚ ਗਈਆਂ ਹਨ। ਗੁਰੂ ਜੀ ਨੇ ਸਿੰਘਾਂ ਨੂੰ ਮੋਰਚੇ ਸੰਭਾਲਣ ਲਈ ਕਿਹਾ। ਇੰਨੀ ਦੇਰ ਤਕ ਮਾਤਾ ਭਾਗੋ ਜੀ ਵੀ ਖਿਦਰਾਣੇ ਪਹੁੰਚ ਚੁੱਕੇ ਸਨ। ਗੁਰੂ ਜੀ ਨੇ ਉੱਚੀ ਟਿੱਬੀ ਤੋਂ ਕਮਾਨ ਸੰਭਾਲੀ। ਮਾਤਾ ਭਾਗੋ ਜੀ ਅਤੇ ਚਾਲੀ ਸਿੰਘਾਂ ਨੇ ਉਸ ਢਾਬ 'ਤੇ ਕਬਜ਼ਾ ਕਰ ਲਿਆ। ਵੈਰੀਆਂ ਨੂੰ ਭੁਲੇਖਾ ਪਾਉਣ ਲਈ ਨੇੜੇ ਝਾੜੀਆਂ 'ਤੇ ਕੱਪੜੇ ਪਾ ਕੇ ਸਿੱਖ ਫ਼ੌਜ ਦੀ ਵੱਡੀ ਗਿਣਤੀ ਦਿਖਾਉਂਦੇ ਹੋਏ ਮੋਰਚੇ ਸੰਭਾਲ ਲਏ। ਮੁਗ਼ਲਾਂ ਨਾਲ ਯੁੱਧ ਸ਼ੁਰੂ ਹੋ ਗਿਆ। ਉੱਚੀ ਟਿੱਬੀ ਤੋਂ ਸਤਿਗੁਰੂ ਜੀ ਤੀਰਾਂ ਦੀ ਬਰਸਾਤ ਕਰ ਰਹੇ ਸਨ ਤੇ ਨਾਲ ਦੀ ਨਾਲ ਬੇਮੁੱਖ ਹੋ ਕੇ ਗਏ ਸਿੰਘਾਂ ਨੂੰ ਮੁਗ਼ਲ ਫ਼ੌਜ ਨਾਲ ਡਟ ਕੇ ਲੜਦਾ ਹੋਇਆ ਦੇਖ ਕੇ ਪ੍ਰਸੰਨ ਹੋ ਰਹੇ ਸਨ। ਘਮਸਾਨ ਦਾ ਯੁੱਧ ਹੋਇਆ, ਮੁਗ਼ਲ ਫ਼ੌਜਾਂ ਦੇ ਪੈਰ ਉੱਖੜ ਗਏ ਤੇ ਉਹ ਮੈਦਾਨ ਛੱਡ ਕੇ ਪਿਛਾਂਹ ਹਟ ਗਈਆਂ।

ਜੰਗ ਖ਼ਤਮ ਹੋਣ ਉਪਰੰਤ ਗੁਰੂ ਸਾਹਿਬ ਟਿੱਬੀ ਤੋਂ ਹੇਠਾਂ ਆਏ ਅਤੇ ਸਿੰਘਾਂ ਨੂੰ ਸ਼ਾਬਾਸ਼ ਦਿੱਤੀ। ਜ਼ਖ਼ਮੀ ਸਿੰਘਾਂ ਦੇ ਜ਼ਖ਼ਮ ਸਾਫ਼ ਕੀਤੇ ਤੇ ਕਈ ਖ਼ਿਤਾਬਾਂ ਨਾਲ ਨਿਵਾਜਿਆ। ਮਾਤਾ ਭਾਗੋ ਜੀ ਵੀ ਆਪਣੇ ਜ਼ਖ਼ਮ ਧੋ ਰਹੇ ਸਨ ਤਾਂ ਗੁਰੂ ਜੀ ਨੇ ਮਾਤਾ ਭਾਗੋ ਦੇ ਜ਼ਖ਼ਮ ਸਾਫ਼ ਕਰ ਕੇ ਮਰਹਮ ਪੱਟੀ ਕੀਤੀ। ਮਹਾਨ ਕੋਸ਼ ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਜ਼ਿਕਰ ਕਰਦੇ ਹਨ ਕਿ ਵੈਸਾਖ ਸੰਮਤ 1762 ਵਿਚ ਸੂਬਾ ਸਰਹਿੰਦ ਵਜ਼ੀਰ ਖ਼ਾਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਾਕੁਬ ਕਰਦਾ ਮਾਲਵੇ ਆਇਆ, ਤਦ ਸਿੰਘਾਂ ਨੇ ਇਸ ਤਾਲ 'ਤੇ ਕਬਜ਼ਾ ਕਰ ਕੇ ਵੈਰੀ ਦਾ ਮੁਕਾਬਲਾ ਕੀਤਾ। ਸਭ ਤੋਂ ਪਹਿਲਾਂ ਮਾਈ ਭਾਗੋ ਜੀ ਅਰ ਉਸ ਦੇ ਸਾਥੀ ਸਿੰਘਾਂ ਦਾ ਸ਼ਾਹੀ ਫ਼ੌਜ ਨਾਲ ਟਾਕਰਾ ਹੋਇਆ ਅਰ ਵੱਡੀ ਵੀਰਤਾ ਨਾਲ ਸ਼ਹੀਦੀ ਪਾਈ। ਭਾਈ ਮਹਾਂ ਸਿੰਘ ਨੇ ਦਸਮੇਸ਼ ਪਿਤਾ ਤੋਂ ਬੇਦਾਵਾ ਪੱਤਰ ਚਾਕ ਕਰਵਾ ਕੇ ਇੱਥੇ ਟੁੱਟੀ ਸਿੱਖੀ ਗੰਢੀ, ਕਲਗੀਧਰ ਨੇ ਸ਼ਹੀਦ ਸਿੰਘਾਂ ਨੂੰ ਮੁਕਤ ਪਦਵੀ ਬਖ਼ਸ਼ ਕੇ ਤਾਲ ਦਾ ਨਾਂ 'ਮੁਕਤਸਰ' ਰੱਖਿਆ ਅਤੇ ਆਪਣੇ ਹੱਥੀਂ ਸ਼ਹੀਦਾਂ ਦੇ ਦੇਹ ਸਸਕਾਰੇ। 'ਸ਼ਹੀਦ ਗੰਜ' ਤਾਲ ਦੇ ਕਿਨਾਰੇ ਵਿਦਮਾਨ ਹੈ। ਲੋਹੜੀ ਤੋਂ ਅਗਲੇ ਦਿਨ ਮੱਘਰ ਦੀ ਸੰਗਰਾਂਦ ਵਾਲੇ ਦਿਨ ਮਾਘੀ ਦੇ ਪਵਿੱਤਰ ਤਿਉਹਾਰ 'ਤੇ ਚਾਲੀ ਮੁਕਤਿਆਂ ਨੂੰ ਯਾਦ ਕੀਤਾ ਜਾਂਦਾ ਹੈ।

ਇਸ ਜੰਗ ਵਿਚ ਜੋ ਚਾਲੀ ਸਿੰਘ ਸ਼ਹੀਦ ਹੋਏ, ਉਨ੍ਹਾਂ ਚਾਲੀ ਮੁਕਤਿਆਂ ਦੇ ਨਾਂ ਹਨ : ਸਮੀਰ ਸਿੰਘ, ਸਾਧੂ ਸਿੰਘ, ਸਰਜਾ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸ਼ਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲਾ ਸਿੰਘ, ਮੈਯਾ ਸਿੰਘ, ਕੀਰਤ ਸਿੰਘ, ਕ੍ਰਿਪਾਲ ਸਿੰਘ, ਖ਼ੁਸ਼ਹਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਿਆਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਰਾਇ ਸਿੰਘ ਤੇ ਲਛਮਣ ਸਿੰਘ ਸਨ।

ਭਾਈ ਮਹਾਂ ਸਿੰਘ ਤੇ ਹੋਰ ਸਿੰਘ, ਜੋ ਸੰਮਤ 1762 ਵਿਚ ਮੁਗ਼ਲ ਫ਼ੌਜ ਨਾਲ ਮੁਕਤਸਰ ਦੀ ਜੰਗ ਸਮੇਂ ਲੜੇ ਸਨ, ਜਦ ਕਲਗੀਧਰ ਪਾਤਸ਼ਾਹ ਨੇ ਮੈਦਾਨ-ਏ-ਜੰਗ ਵਿਚ ਆ ਕੇ ਸ਼ਹੀਦਾਂ ਦੇ ਸਰੀਰ ਉਠਵਾਏ ਤਾਂ ਉਸ ਸਮੇਂ ਮਹਾਂ ਸਿੰਘ ਜੀ ਦੇ ਪ੍ਰਾਣ ਚੱਲ ਰਹੇ ਸਨ। ਦਸ਼ਮੇਸ਼ ਪਿਤਾ ਨੇ ਆਪਣੇ ਰੁਮਾਲ ਨਾਲ ਮਹਾਂ ਸਿੰਘ ਦਾ ਮੁੱਖ ਸਾਫ਼ ਕੀਤਾ ਤੇ ਜਲ ਛਕਾਇਆ। ਤਦ ਮਹਾਂ ਸਿੰਘ ਜੀ ਦੀ ਮੂਰਛਾ ਖੁੱਲ੍ਹੀ ਤਾਂ ਕਲਗੀਧਰ ਪਾਤਸ਼ਾਹ ਨੇ ਫ਼ੁਰਮਾਇਆ, ਵਰ ਮੰਗੋ। ਮਹਾਂ ਸਿੰਘ ਨੇ ਅਰਜ਼ ਗੁਜ਼ਾਰੀ ਕਿ ਜੇ ਆਪ ਤੁੱਠੇ ਹੋ, ਤਾਂ ਸੰਗਤ ਦਾ 'ਬੇਦਾਵਾ ਪੱਤਰ' ਪਾੜ ਕੇ ਟੁੱਟੀ ਗੰਢੋ, ਹੋਰ ਕੋਈ ਕਾਮਨਾ ਨਹੀਂ। ਗੁਰੂ ਮਹਾਰਾਜ ਨੇ ਬੇਦਾਵਾ ਪੱਤਰ ਮਹਾਂ ਸਿੰਘ ਦੇ ਸਾਹਮਣੇ ਚਾਕ ਕਰ ਦਿੱਤਾ। ਮਹਾਂ ਸਿੰਘ ਜੀ ਗੁਰੂ ਜੀ ਦੇ ਦਰਸ਼ਨ ਕਰਦੇ ਹੋਏ ਗੁਰਪੁਰੀ ਨੂੰ ਪਧਾਰੇ। ਕਲਗੀਧਰ ਜੀ ਨੇ ਆਪਣੇ ਹੱਥੀਂ 'ਮੁਕਤੇ' ਸਿੰਘਾਂ ਦਾ ਸਸਕਾਰ ਕੀਤਾ। ਖਿਦਰਾਣੇ ਦੇ ਨਾਂ ਨਾਲ ਜਾਣੇ ਜਾਂਦੇ ਇਸ ਤਲਾਬ ਦਾ ਨਾਂ ਅੱਜ ਮੁਕਤਸਰ ਸਾਹਿਬ ਹੈ ਅਤੇ ਗੁਰਦੁਆਰਾ 'ਸ਼ਹੀਦਗੰਜ ਸਾਹਿਬ' ਇਸੇ ਪਵਿੱਤਰ ਸਰੋਵਰ ਦੇ ਕਿਨਾਰੇ ਸੁਸ਼ੋਭਿਤ ਹੈ। •



# ਆਤਮਿਕ ਸੰਤੁਸ਼ਟੀ ਲਈ ਹੱਸਣਾ ਜ਼ਰੂਰੀ

ਹੱਸਣ ਨਾਲ ਵਿਅਕਤੀ ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਥੋੜ੍ਹੀ ਦੇਰ ਲਈ ਭੁੱਲ ਜਾਂਦਾ ਹੈ। ਵੈਸੇ ਵੀ ਦੁਖੀ ਰਹਿਣ ਵਾਲੇ ਵਿਅਕਤੀ ਨੂੰ ਕੋਈ ਪਸੰਦ ਨਹੀਂ ਕਰਦਾ। ਵਿਅਕਤੀ ਨੂੰ ਹਮੇਸ਼ਾ ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰਨ ਦੇ ਨਾਲ-ਨਾਲ ਹੱਸਦੇ ਰਹਿਣ ਦੀ ਕਲਾ ਨੂੰ ਅਪਨਾਉਣਾ ਚਾਹੀਦਾ ਹੈ। ਹੱਸਣਾ ਅਤੇ ਹਸਾਉਣਾ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ...

• ਨਰਿੰਦਰ ਸਿੰਘ
98146-62260

ਹੱਸਣਾ ਸਾਡੀ ਜ਼ਿੰਦਗੀ ਵਿਚ ਬਹੁਤ ਜ਼ਰੂਰੀ ਹੈ। ਹੱਸਣ ਤੋਂ ਬਿਨਾਂ ਜ਼ਿੰਦਗੀ ਬੇਰੰਗ ਹੈ। ਹੱਸਣਾ ਜ਼ਿੰਦਗੀ ਜਿਊਣ ਲਈ ਬਹੁਤ ਹੀ ਵਧੀਆ ਕਲਾ ਹੈ। ਹੱਸਣ ਵਾਲਾ ਵਿਅਕਤੀ ਜ਼ਿੰਦਗੀ ਦੇ ਹਰ ਦੁੱਖ ਤੋਂ ਅਸਾਨੀ ਨਾਲ ਬਾਹਰ ਆ ਜਾਂਦਾ ਹੈ। ਹੱਸਣ ਅਤੇ ਮੁਸਕਰਾਉਣ ਵਾਲੇ ਵਿਅਕਤੀ ਨੂੰ ਹਰ ਕੋਈ ਪਸੰਦ ਕਰਦਾ ਹੈ। ਕਿਸੇ ਨੂੰ ਹੱਸ ਕੇ ਬੁਲਾਉਣ ਨਾਲ ਦੂਸਰੇ ਵਿਅਕਤੀ ਦੇ ਚਿਹਰੇ ’ਤੇ ਮੁਸਕਰਾਹਟ ਆ ਜਾਂਦੀ ਹੈ। ਖੁੱਲ੍ਹਕੇ ਹੱਸਣਾ ਇਕ ਕਸਰਤ ਹੈ। ਖੁੱਲ੍ਹਕੇ ਹੱਸਣ ਨਾਲ ਵਿਅਕਤੀ ਕਈ ਬਿਮਾਰੀਆਂ ਤੋਂ ਦੂਰ ਰਹਿੰਦਾ ਹੈ।

ਬਹੁਤ ਸਾਰੇ ਡਾਕਟਰ ਵੀ ਹੱਸਣ ਅਤੇ ਖ਼ੁਸ਼ ਰਹਿਣ ਦੀ ਸਲਾਹ ਦਿੰਦੇ ਹਨ। ਹੱਸਦੇ ਰਹਿਣ ਵਾਲੇ ਵਿਅਕਤੀ ਦਾ ਸਾਥ ਹਰ ਕੋਈ ਪਸੰਦ ਕਰਦਾ ਹੈ। ਹਸਮੁੱਖ ਵਿਅਕਤੀ ਜਿੱਥੇ ਆਪ ਖ਼ੁਸ਼ ਰਹਿੰਦਾ ਹੈ, ਉੱਥੇ ਉਹ ਦੂਜਿਆਂ ਨੂੰ ਵੀ ਖ਼ੁਸ਼ ਰੱਖਦਾ ਹੈ। ਹੱਸਣ ਦੀ ਕਲਾ ਜਾਣਨ ਵਾਲਾ ਵਿਅਕਤੀ ਸਭ ਤੋਂ ਵਧੀਆ ਹੁੰਦਾ ਹੈ। ਹੱਸਣ ਨਾਲ ਵਿਅਕਤੀ ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਥੋੜ੍ਹੀ ਦੇਰ ਲਈ ਭੁੱਲ ਜਾਂਦਾ ਹੈ। ਵੈਸੇ ਵੀ ਦੁਖੀ ਰਹਿਣ ਵਾਲੇ ਵਿਅਕਤੀ ਨੂੰ ਕੋਈ ਪਸੰਦ ਨਹੀਂ ਕਰਦਾ। ਵਿਅਕਤੀ ਨੂੰ ਹਮੇਸ਼ਾ ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰਨ ਦੇ ਨਾਲ-ਨਾਲ ਹੱਸਦੇ ਰਹਿਣ ਦੀ ਕਲਾ ਨੂੰ ਅਪਨਾਉਣਾ ਚਾਹੀਦਾ ਹੈ। ਹੱਸਣਾ ਅਤੇ ਹਸਾਉਣਾ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ। ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਹੀ ਸਾਡਾ ਸਾਰਿਆ ਦਾ ਮਕਸਦ ਹੋਣਾ ਚਾਹੀਦਾ ਹੈ।

### ਰੂਹ ਦੀ ਖੁਰਾਕ

ਹਾਸਾ ਆਪਣੇ ਆਪ ਵਿਚ ਇਕ ਕਲਾ ਹੈ। ਹਾਸਾ ਪਰਮਾਤਮਾ ਦੀ ਬਖ਼ਸ਼ਿਸ਼ ਹੈ। ਹਾਸਾ ਆਪਣੇ ਆਪ ਵਿਚ ਖੁਸ਼ਹਾਲੀ ਅਤੇ ਖ਼ੁਸ਼ੀ ਦਾ ਪ੍ਰਤੀਕ ਹੈ। ਜਿਸ ਘਰ ਵਿਚ ਹਾਸਿਆਂ ਦਾ ਵਾਸਾ ਹੋਵੇ ਉਸ ਘਰ ਵੱਲ ਖ਼ੁਸ਼ੀਆਂ ਦੌੜੀਆਂ ਹੀ ਆਉਂਦੀਆਂ ਹਨ। ਕਿਸੇ ਨੇ ਕਿਹਾ ਹੈ ਕਿ ਹੱਸਦਿਆਂ ਦੇ ਘਰ ਵਸਦੇ। ਹਾਸੇ ਦੀਆਂ ਕਈ ਕਿਸਮਾਂ ਹਨ ਜਿਵੇਂ ਖਚਰਾ ਹਾਸਾ ਅਤੇ ਘੁਮੰਡੀ ਹਾਸਾ। ਖਚਰਾ ਹਾਸਾ ਹੱਸਣ ਵਾਲੇ ਲੋਕ ਚੁਸਤ-ਚਲਾਕ ਹੁੰਦੇ ਹਨ। ਪੈਸੇ ਜਾਂ ਰੁਤਬੇ ਦਾ ਮਾਣ ਕਰਨ ਵਾਲੇ ਲੋਕਾਂ ਦਾ ਹਾਸਾ ਘੁਮੰਡ ਭਰਪੂਰ ਹੁੰਦਾ ਹੈ। ਅਸਲ ਹਾਸਾ ਉਹ ਹੈ ਜੋ ਕਿਸੇ ਦਾ ਦਿਲ ਦੁਖਾਏ ਬਗ਼ੈਰ ਦੂਜਿਆਂ ਨੂੰ ਦਰਦ ਦੀ ਹੋਂਦ ਹੀ ਭੁਲਾ ਦੇਵੇ ਅਤੇ ਰੋਂਦਿਆਂ ਨੂੰ ਆਪਣੇ ਨਾਲ ਹੱਸਣ ਲਾ ਲਵੇ। ਰੋਂਦਿਆਂ ਨੂੰ ਹਸਾਉਣ ਤੋਂ ਵੱਡਾ ਸ਼ਾਇਦ ਕੋਈ ਪੁੰਨ ਨਹੀਂ ਹੈ। ਖ਼ੁਸ਼ ਹੋਣਾ ਜਾਂ ਦੁਖੀ ਹੋਣਾ ਜ਼ਿੰਦਾ ਦਸਤੂਰ ਹੈ। ਪਰ ਹੱਸਣਾ ਜਾ ਰੋਣਾ ਮਨੁੱਖ ਦਾ ਸੁਭਾਅ ਹੈ। ਹਾਸਾ ਕਈ ਇਨਸਾਨੀ ਬਿਮਾਰੀਆਂ ਦਾ ਇਲਾਜ ਹੀ ਨਹੀਂ ਸਗੋਂ ਹੱਸਦੇ ਚਿਹਰਿਆਂ



ਵਾਲੇ ਸਰੀਰ ਬਿਮਾਰ ਹੀ ਬਹੁਤ ਘੱਟ ਹੁੰਦੇ ਹਨ। ਹਾਸੇ ਨੂੰ ਰੂਹ ਦੀ ਖੁਰਾਕ ਵੀ ਕਿਹਾ ਜਾਂਦਾ ਹੈ। ਜਿਵੇਂ ਤਨ ਦੀ ਖੁਰਾਕ ਭੋਜਨ ਹੈ ਉਸੇ ਤਰ੍ਹਾਂ ਰੂਹ ਦੀ ਖੁਰਾਕ ਹਾਸਾ ਹੈ।

ਹਸਮੁੱਖ ਵਿਅਕਤੀ ਸਭ ਦਾ ਚਹੇਤਾ ਬਣ ਜਾਂਦਾ ਹੈ। ਹਸਮੁੱਖ ਵਿਅਕਤੀ ਸ਼ੂਗਰ, ਦਿਲ ਦੇ ਰੋਗ, ਬਲੱਡ ਪ੍ਰੈਸ਼ਰ ਅਤੇ ਹੋਰ ਅਨੇਕਾਂ ਭਿਆਨਕ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਹੱਸਦਾ ਚਿਹਰਾ ਬਹੁਤ ਆਕਰਸ਼ਕ ਲੱਗਦਾ ਹੈ। ਹੱਸਣ ਨਾਲ ਚਿਹਰੇ ਦੀ ਸੁੰਦਰਤਾ ਵਿਚ ਕਈ ਗੁਣਾਂ ਵਾਧਾ ਹੁੰਦਾ ਹੈ। ਹਸਮੁੱਖ ਵਿਅਕਤੀ ਜ਼ਿੰਦਗੀ ਦੀਆਂ ਚੁਣੌਤੀਆਂ ’ਤੇ ਜਲਦੀ ਕਾਬੂ ਪਾ ਲੈਂਦੇ ਹਨ। ਜਦਕਿ ਰੋਂਦੇ ਵਿਅਕਤੀ ਸਮੱਸਿਆਵਾਂ ਵਿਚ ਉਲਝਕੇ ਸਮੁੱਚੇ ਜੀਵਨ ਦਾ ਤਾਣਾ-ਬਾਣਾ ਹੀ ਉਲਝਾ ਬੈਠਦੇ ਹਨ। ਹਸਮੁੱਖ ਵਿਅਕਤੀ ਦੂਜਿਆਂ ਨੂੰ ਜਲਦੀ ਮਿੱਤਰ ਬਣਾਉਂਦੇ ਹਨ। ਹਸਮੁੱਖ ਵਿਅਕਤੀਆਂ ਵਿਚ ਦੂਜਿਆਂ ਨਾਲ ਘੁਲਣ ਮਿਲਣ ਦੀ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ। ਅਜਿਹੇ ਵਿਅਕਤੀ ਅੰਦਰੋਂ ਬੁਰੀ ਤਰ੍ਹਾਂ ਟੁਟਕੇ ਵੀ ਦੂਜਿਆਂ ਨੂੰ ਇਸ ਦਾ ਅਹਿਸਾਸ ਨਹੀਂ ਹੋਣ ਦਿੰਦੇ। ਸਗੋਂ ਉਹ ਤਾਂ ਹਾਸਿਆਂ ਦੇ ਛਰਾਟਿਆਂ ਨਾਲ ਦੂਜਿਆਂ ਦੇ ਦੁੱਖ ਵੀ ਭੁਲਾ ਦਿੰਦੇ ਹਨ।

### ਪਾਓ ਖ਼ੁਸ਼ ਰਹਿਣ ਦੀ ਆਦਤ

ਹਾਸਾ ਜ਼ਿੰਦਗੀ ਨੂੰ ਬਿਹਤਰ ਬਣਾਉਂਦਾ ਹੈ। ਹੱਸਣ ਨਾਲ ਨਾ ਵਿਅਕਤੀ ਜ਼ਿਆਦਾ ਸੁਖੀ ਰਹਿੰਦਾ ਹੈ ਸਗੋਂ ਉਸ ਦੀ ਉਮਰ ਵੀ ਵਧਦੀ ਹੈ। ਹੱਸਣ ਨਾਲ ਜੀਵਨ ਜ਼ਿਆਦਾ ਸਿਹਤਮੰਦ ਜ਼ਰੂਰ ਰਹਿ ਸਕਦਾ ਹੈ। ਮਨੋਵਿਗਿਆਨਕਾਂ ਦਾ ਮੰਨਣਾ ਹੈ ਕਿ ਜਦੋਂ ਅਸੀਂ ਹੱਸਦੇ ਹਾਂ ਤਾਂ ਸਾਡੇ ਚਿਹਰੇ ਦੀ ਬਣਾਵਟ ਨਾਲ ਦਿਮਾਗ਼ ਵਿਚ ਜਿਹੜੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ ਉਨ੍ਹਾਂ ਨਾਲ ਖ਼ੁਸ਼ ਰਹਿਣ ਦੀ ਭਾਵਨਾ ਵਿਚ ਵਾਧਾ ਹੁੰਦਾ ਹੈ ਜੋ ਸਰੀਰ ਨੂੰ ਸਿਹਤਮੰਦ ਬਣਾਈ ਰੱਖਣ ਵਿਚ ਸਹਾਈ ਹੁੰਦੀ ਹੈ। ਇਸ ਲਈ ਮਨੁੱਖ ਨੂੰ ਖ਼ੁਸ਼ ਰਹਿਣ ਦੀ ਆਦਤ ਪਾਉਣੀ ਚਾਹੀਦੀ ਹੈ।

ਖ਼ੁਸ਼ ਰਹਿਣ ਵਾਸਤੇ ਵਿਅਕਤੀ ਨੂੰ ਹਮੇਸ਼ਾ ਉੱਦਮ ਕਰਦੇ ਰਹਿਣਾ ਚਾਹੀਦਾ ਹੈ। ਦੂਜੇ ਪਾਸੇ ਵਿਅਕਤੀ ਦੇ ਤਣਾਅ ਵਿਚ ਰਹਿਣ ਨਾਲ ਮਾਸਪੇਸ਼ੀਆਂ ਤੋਂ ਨਾਂਹ-ਪੱਖੀ ਸੰਦੇਸ਼ ਜਾਣ ਨਾਲ ਸਰੀਰ ਵਿਚ ਅਕੜਣ ਹੁੰਦੀ ਹੈ ਜੋ ਕਿ ਸਿਹਤ ਲਈ ਠੀਕ ਨਹੀਂ ਹੈ। ਤਣਾਅ ਵਿਚ ਰਹਿਣ ਨਾਲ ਵਿਅਕਤੀ ਨੂੰ ਕਈ ਸਰੀਰਕ ਅਤੇ ਮਾਨਸਿਕ ਰੋਗ ਅਣਜਾਣੇ ਵਿਚ ਹੀ ਲੱਗ ਜਾਂਦੇ ਹਨ, ਅਜਿਹੀ ਸਥਿਤੀ ਵਿਅਕਤੀ ਨੂੰ ਘਰਵਾਲਿਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਦੂਰ ਲੈ ਜਾਂਦੀ ਹੈ। ਇਸ ਲਈ ਵਿਅਕਤੀ ਨੂੰ ਹੱਸਣ ਦੀ ਕਵਾਇਦ ਕਰਦੇ ਰਹਿਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਸਵੇਰੇ ਉੱਠਣ ਤੋਂ ਬਾਅਦ ਆਪਣੇ ਆਪ ਨਾਲ ਮੁਸਕਰਾਉਣ ਦਾ ਵਾਅਦਾ ਕਰਨਾ ਚਾਹੀਦਾ ਹੈ। ਜ਼ਿੰਦਗੀ ਹੱਸ ਕੇ ਕੱਟਣੀ ਏਨੀ ਔਖੀ ਨਹੀਂ ਹੈ। 65 ਫ਼ੀਸਦੀ ਲੋਕਾਂ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਇਸੇ ਕਰਕੇ ਆਏ ਦਿਨ ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਅਨੇਕਾਂ ਭਿਆਨਕ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ।

### ਗੁੱਸੇ ਨੂੰ ਰੱਖੋ ਕਾਬੂ

ਵਿਅਕਤੀ ਨੂੰ ਗੁੱਸੇ ਉੱਪਰ ਵੱਧ ਤੋਂ ਵੱਧ ਕਾਬੂ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੁੱਸੇ ’ਤੇ ਕਾਬੂ ਪਾਉਣ ਨਾਲ ਬਹੁਤ ਸਾਰੇ ਭਿਆਨਕ ਸਿੱਟਿਆਂ ਤੋਂ ਬਚਿਆ ਜਾ ਸਕਦਾ ਹੈ ਅਤੇ ਨਤੀਜੇ ਵੀ ਉਮੀਦ ਅਨੁਸਾਰ ਨਿਕਲਦੇ ਹਨ। ਅਜਿਹਾ ਕਰਨ ਨਾਲ ਤੁਹਾਡਾ ਦਿਲ ਤਣਾਅ-ਮੁਕਤ ਬਤੀਤ ਹੋਵੇਗਾ। ਇਸ ਤਰ੍ਹਾਂ ਦੀ ਆਦਤ ਖ਼ੁਸ਼ੀ ਦੇ ਨਾਲ-ਨਾਲ ਤੁਹਾਡੇ ਅੰਦਰ ਇਕ ਵੱਖਰੇ ਕਿਸਮ ਦੀ ਊਰਜਾ ਵੀ ਪੈਦਾ ਕਰੇਗੀ। ਜਿਹੜੀ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਵਿਚ ਸਹਾਈ ਹੋਵੇਗੀ। ਗੁੱਸਾ ਨਾ ਕਰਨ ਅਤੇ ਖ਼ੁਸ਼ ਰਹਿਣ ਨੂੰ ਆਪਣਾ ਸਾਥੀ ਬਣਾਉਣ ਲਈ ਇਕ ਹੋਰ ਕਵਾਇਦ ਵੀ ਕੀਤੀ ਜਾ ਸਕਦੀ ਹੈ। ਇਸ ਵਿਚ ਇਹ ਕਹਾਵਤ ਇਕ ਚੁੱਪ ਸੌ ਸੁੱਖ ਵੀ ਕਾਰਗਰ ਹੈ। ਕਿਸੇ ਦੀ ਛੋਟੀ ਜਿਹੀ ਗੱਲ ’ਤੇ ਗੁੱਸੇ ਹੋ ਜਾਣ ਵਾਲੇ ਵਿਅਕਤੀ ਨਾਲ ਬਹਿਸ ਕਰਨ ਦੀ ਬਜਾਏ ਚੁੱਪ ਰਹਿਕੇ ਉਸ ਦਾ ਮੁਕਾਬਲਾ ਕਰਨਾ ਬਿਹਤਰ ਹੈ।

### ਹੱਸਣ ’ਚ ਨਾ ਕਰੋ ਕੰਜੂਸੀ

ਹੱਸਣਾ ਇਕ ਕਲਾ ਹੈ। ਪਰ ਲੋਕ ਹੱਸਣ ਵਿਚ ਵੀ ਕੰਜੂਸੀ ਕਰਦੇ ਹਨ। ਹਸਮੁੱਖ ਅਤੇ ਮਿਲਣਸਾਰ ਵਿਅਕਤੀ ਚੁੰਬਕੀ ਖਿੱਚ ਵਾਂਗ ਹੁੰਦਾ ਹੈ। ਜਿਸ ਵਿਅਕਤੀ ਦੇ ਚਿਹਰੇ ’ਤੇ ਹਮੇਸ਼ਾ ਮੁਸਕਾਨ ਰਹਿੰਦੀ ਹੈ ਉਹ ਮੁਸ਼ਕਿਲ ਹਾਲਾਤ ਵਿਚ ਵੀ ਨਹੀਂ ਡਿੱਗਦਾ। ਪਰ ਅੱਜ ਦੀ ਭੱਜ ਦੌੜ ਵਾਲੀ ਦੁਨੀਆ ਵਿਚ ਚਿਹਰਾ ਹੱਸਣ ਨੂੰ ਤਰਸ ਜਾਂਦਾ ਹੈ। ਸਮੱਸਿਆਵਾਂ ਦੀ ਕੋਈ ਕਮੀ ਨਹੀਂ ਹੈ। ਜ਼ਿੰਦਗੀ ਦੀਆਂ ਸਮੱਸਿਆਵਾਂ ਬਹੁਤ ਜ਼ਿਆਦਾ ਹਨ ਤੇ ਦੂਸਰਾ ਮਹਿੰਗਾਈ ਨੇ ਲੋਕਾਂ ਦੀ ਕਮਰ ਤੋੜ ਦਿੱਤੀ ਹੈ। ਫਿਰ ਵੀ ਹੱਸਣਾ ਅਤੇ ਖ਼ੁਸ਼ ਰਹਿਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਰੋਟੀ ਖਾਣਾ। ਆਏ ਦਿਨ ਕੋਈ ਨਾ ਕੋਈ ਨਵੀਂ ਸਮੱਸਿਆ ਸਾਨੂੰ ਝੰਜੋੜਨ ਨੂੰ ਤਿਆਰ ਰਹਿੰਦੀ ਹੈ। ਮੁਕਾਬਲੇਬਾਜ਼ੀ ਦੇ ਇਸ ਯੁਗ ਵਿਚ ਤਣਾਅ ਵੱਧ ਰਿਹਾ ਹੈ। ਤਣਾਅ ਦੇ ਨਾਲ ਹੀ ਨਵੀਆਂ-ਨਵੀਆਂ ਬਿਮਾਰੀਆਂ ਵਧ ਰਹੀਆਂ ਹਨ। ਕੁਝ ਲੋਕ ਇਸ ਯੁੱਗ ਵਿਚ ਤਣਾਅ ਨੂੰ ਭਾਰੂ ਨਹੀਂ ਹੋਣ ਦਿੰਦੇ। ਅਜਿਹੇ ਲੋਕ ਆਪਣੀ ਸਿਹਤ ਦਾ ਧਿਆਨ ਰੱਖਣ ਦੇ ਨਾਲ ਨਾਲ ਅਨੁਸ਼ਾਸਤ ਜੀਵਨ ਜਿਊਣਾ ਪਸੰਦ ਕਰਦੇ ਹਨ। ਹਸਮੁੱਖ ਵਿਅਕਤੀ ਸਵੇਰ ਦੀ ਸੈਰ ਦਾ ਲੁਤਫ਼ ਉਠਾਉਂਦੇ ਹਨ। ਅੱਜ ਕੱਲ੍ਹ ਦੇ ਤਣਾਅਪੂਰਨ ਮਾਹੌਲ ਵਿਚ ਹੱਸਣ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਲੋਕ ਰੋਜ਼ਾਨਾ ਨਿੱਕੀ-ਨਿੱਕੀ ਗੱਲ ’ਤੇ ਖੁਦਕਸ਼ੀ ਕਰ ਰਹੇ ਹਨ। ਕੋਈ ਵੀ ਵਿਅਕਤੀ ਇਹ ਕਦਮ ਉਸ ਵੇਲੇ ਹੀ ਚੁੱਕਦਾ ਹੈ ਜਦੋਂ ਉਹ ਅੰਦਰੋਂ ਬਹੁਤ ਨਿਰਾਸ਼ ਅਤੇ ਉਦਾਸ ਹੋਵੇ।



ਵਿਅਕਤੀ ਦੇ ਜੀਵਨ ਵਿਚ ਕੋਈ ਖ਼ੁਸ਼ੀ ਨਾ ਹੋਵੇ। ਹਰ ਮਨੁੱਖ ਹਾਸੇ ਨੂੰ ਅਪਣਾਉਣਾ ਚਾਹੁੰਦਾ ਹੈ। ਹਾਸੇ ਨਾਲ ਤੁਸੀਂ ਕਿਸੇ ਵਿਅਕਤੀ ਨੂੰ ਦੋਸਤ ਬਣਾ ਸਕਦੇ ਹੋ ਅਤੇ ਰੋਂਦੇ ਵਿਅਕਤੀ ਨੂੰ ਹਸਾ ਸਕਦੇ ਹੋ। ਹੱਸਣ ਵਾਲੇ ਵਿਅਕਤੀ ਵੱਡੀ ਤੋਂ ਵੱਡੀ ਸਮੱਸਿਆ ਦਾ ਸਮਾਧਾਨ ਕਰ ਲੈਂਦੇ ਹਨ। ਜਦਕਿ ਇਸ ਦੇ ਵਿਰੋਧੀ ਵਿਚਾਰਾਂ ਵਾਲੇ ਲੋਕ ਖ਼ਮੋਸ਼ ਰਹਿੰਦੇ ਹਨ ਅਤੇ ਛੋਟੀ ਤੋਂ ਛੋਟੀ ਸਮੱਸਿਆ ਆਉਣ ’ਤੇ ਪਰੇਸ਼ਾਨ ਹੋ ਜਾਂਦੇ ਹਨ। ਅਜਿਹੇ ਲੋਕ ਜ਼ਿੰਦਗੀ ਦੀਆਂ ਪਰੇਸ਼ਾਨੀਆਂ ਨੂੰ ਹੋਰ ਜ਼ਿਆਦਾ ਵਧਾਉਣ ਲਈ ਵੀ ਜ਼ਿੰਮੇਵਾਰ ਹਨ। ਦੁਨੀਆ ਭਰ ਵਿਚ ਹੋਈ ਖੋਜ ਤੋਂ ਪਤਾ ਲੱਗਦਾ ਹੈ ਕਿ ਹੱਸਣ ਕਾਰਨ ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਹਾਸਾ ਮਰੀਜ਼ ਨੂੰ ਜਲਦੀ ਠੀਕ ਕਰਨ ਵਿਚ ਮਦਦ ਕਰਦਾ ਹੈ। ਹੱਸਣਾ ਸਭ ਤੋਂ ਵਧੀਆ ਦਵਾਈ ਹੈ। ਦਿਨ ਵਿਚ ਇਕ ਵਾਰੀ ਖੁੱਲ੍ਹ ਕੇ ਹੱਸਣ ਨਾਲ ਕਈ ਪ੍ਰਕਾਰ ਦੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਤੋਂ ਬਚਾਅ ਹੋ ਸਕਦਾ ਹੈ। ਹੱਸਣ ਨਾਲ ਮਾਨਸਿਕ ਤਣਾਅ ਦੂਰ ਹੁੰਦਾ ਹੈ ਅਤੇ ਤਣਾਅ ਤੋਂ ਉਤਪੰਨ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

### ਨਫ਼ਰਤ ਅਤੇ ਮੁਸਕਰਾਹਟ

ਨਫ਼ਰਤ ਅਤੇ ਮੁਸਕਰਾਹਟ ਬਹੁਤ ਜਲਦੀ ਇਕ ਤੋਂ ਦੂਜੇ, ਦੂਜੇ ਤੋਂ ਤੀਜੇ ਅਤੇ ਇਸ ਤਰ੍ਹਾਂ ਪੂਰੇ ਸਮਾਜ ਵਿਚ ਫੈਲਦੀ ਜਾਂਦੀ ਹੈ। ਪਰ ਇਹ ਗੱਲ ਵਿਅਕਤੀ ’ਤੇ ਨਿਰਭਰ ਕਰਦੀ ਹੈ ਕਿ ਉਸ ਨੇ ਨਫ਼ਰਤ ਫੈਲਾਉਣੀ ਹੈ ਜਾਂ ਮੁਸਕਰਾਹਟ। ਭਾਵੇਂ ਭੱਜ-ਦੌੜ ਦੀ ਜ਼ਿੰਦਗੀ ਵਿੱਚੋਂ ਹਾਸਾ ਲੁਪਤ ਹੁੰਦਾ ਜਾ ਰਿਹਾ ਹੈ ਪਰ ਲੋਕਾਂ ਨੂੰ ਹਸਾਉਣ ਵਾਸਤੇ ਥਾਂ-ਥਾਂ ਲਾਫਟਰ ਕਲੱਬ ਬਣੇ ਹੋਏ ਹਨ। ਹੱਸਣ ਦੇ ਬਹੁਤ ਸਾਰੇ ਲਾਭ ਹਨ।

ਹੱਸਣ ਨਾਲ ਆਤਮ ਵਿਸ਼ਵਾਸ ਵਧਦਾ ਹੈ ਅਤੇ ਵਿਅਕਤੀ ਆਪ ਅੱਛਾ ਮਹਿਸੂਸ ਕਰਦਾ ਹੈ। ਹੱਸਣ ਨਾਲ ਵਿਚਾਰਾਂ ਵਿਚ ਸਕਾਰਾਤਮਕਤਾ ਆਉਂਦੀ ਹੈ। ਹੱਸਣ ਨਾਲ ਫੇਫੜਿਆਂ ਨੂੰ ਆਕਸੀਜਨ ਦੀ ਮਾਤਰਾ ਵਧ ਜਾਂਦੀ ਹੈ ਜੋ ਕਈ ਤਰ੍ਹਾਂ ਦੇ ਫ਼ਾਇਦੇ ਦਿੰਦੀ ਹੈ। ਹੱਸਣ ਨਾਲ ਸਰੀਰ ਵਿਚ ਊਰਜਾ ਦੀ ਮਾਤਰਾ ਵਧ ਜਾਂਦੀ ਹੈ ਜਿਹੜੀ ਰੋਗਾਂ ਨਾਲ ਲੜਨ ਵਿਚ ਸਹਾਈ ਹੁੰਦੀ ਹੈ ਅਤੇ ਵਿਅਕਤੀ ਘੱਟ ਬਿਮਾਰ ਹੁੰਦਾ ਹੈ। ਹੱਸਣ ਨਾਲ ਚਿਹਰੇ ਦੀ ਕਸਰਤ ਹੁੰਦੀ ਹੈ ਅਤੇ ਚਿਹਰਾ ਚਮਕਣ ਲੱਗਦਾ ਹੈ। ਹੱਸਣ ਨਾਲ ਮਾਨਸਿਕ ਤਣਾਅ ਤੇ ਨਿਰਾਸ਼ਾ ਘੱਟ ਹੋਣ ਦੇ ਨਾਲ-ਨਾਲ ਗੁੱਸਾ ਵੀ ਘੱਟ ਆਉਂਦਾ ਹੈ। ਹੱਸਣ ਤੋਂ ਬਿਨਾਂ ਜ਼ਿੰਦਗੀ ਬੇਰੰਗ ਹੈ। ਖ਼ੁਸ਼ੀਆਂ ਵੰਡਣ ਨਾਲ ਵਧਦੀਆਂ ਹਨ। ਹੱਸਦੇ-ਹੱਸਦੇ ਜੀਵਨ ਜਿਊਣ ਨੂੰ ਜਿਊਣ ਦੀ ਕਲਾ ਕਹਿੰਦੇ ਹਨ। ਤਨ ਦੇ ਨਾਲ ਹੀ ਉਨ੍ਹਾਂ ਵਿਚ ਬਿਹਤਰ ਤਾਲਮੇਲ ਅਤੇ ਸੰਤੁਲਨ ਸਥਾਪਤ ਹੋਵੇਗਾ ਅਤੇ ਨਰਵਿਸ ਸਿਸਟਮ ਸਹੀ ਰਹੇਗਾ।

ਫੇਫੜੇ ਅਤੇ ਖ਼ੂਨ ਸੰਚਾਰ ਦੀ ਵਿਵਸਥਾ ਦਰੁਸਤ ਹੋਣ ਨਾਲ ਸਰੀਰ ਵਿਚ ਚੁਸਤੀ-ਫੁਰਤੀ ਦਾ ਵਿਕਾਸ ਹੁੰਦਾ ਹੈ। ਬਿਨਾਂ ਤਣਾਅ ਦੇ ਹੱਸਦੇ ਰਹਿਣ ਨਾਲ ਤੁਸੀਂ ਹਮੇਸ਼ਾ ਤੰਦਰੁਸਤ ਰਹੋਗੇ। ਤੁਹਾਡਾ ਮਨ ਸ਼ਾਂਤ ਰਹੇਗਾ। ਤੁਸੀਂ ਆਪਣੇ ਮਨ ਵਿਚ ਭੈੜੇ ਵਿਚਾਰਾਂ ਨੂੰ ਆਉਣ ਹੀ ਨਹੀਂ ਦਿਉਗੇ। ਹਾਸਾ ਸੰਵਾਦ ਨੂੰ ਸੌਖਾ ਬਣਾਉਣਾ ਹੈ। ਜ਼ਿੰਦਾਦਿਲ ਵਿਅਕਤੀ ਹਸਮੁੱਖ ਸੁਭਾਅ ਦੇ ਹੁੰਦੇ ਹਨ। ਸੁੱਖ ਅਤੇ ਦੁੱਖ ਜੀਵਨ ਦਾ ਹਿੱਸਾ ਹਨ। ਸੁੱਖ ਖ਼ਰੀਦਿਆ ਨਹੀਂ ਜਾ ਸਕਦਾ। ਜੇ ਅਜਿਹਾ ਹੁੰਦਾ ਤਾਂ ਦੁਨੀਆ ਦੇ ਸਾਰੇ ਅਮੀਰ ਲੋਕ ਸੁਖੀ ਹੋ ਜਾਂਦੇ। ਸਰੀਰ ਤਾਂ ਸਾਡਾ ਹਰ ਰੋਜ਼ ਇਸ਼ਨਾਨ ਕਰਦਾ ਹੈ ਪਰ ਇਸ ਦੇ ਨਾਲ ਮਨ ਨੂੰ ਇਸ਼ਨਾਨ ਕਰਵਾਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਮਾੜੀਆਂ ਭਾਵਨਾਵਾਂ ਸਾਡੇ ’ਤੇ ਭਾਰੂ ਨਾ ਹੋ ਸਕਣ। ਆਤਮਿਕ ਸੰਤੁਸ਼ਟੀ ਲਈ ਸਾਨੂੰ ਹਰ ਪਲ ਮੁਸਕਰਾਉਂਦੇ ਰਹਿਣਾ ਚਾਹੀਦਾ ਹੈ। ਹਾਲਾਤ ਜਿਹੋ ਜਿਹੇ ਮਰਜ਼ੀ ਹੋਣ, ਸਾਨੂੰ ਹਰ ਪਲ ਹੱਸਦੇ-ਮੁਸਕਰਾਉਂਦੇ ਅਤੇ ਜ਼ਬਾਨ ’ਤੇ ਸੰਜਮ ਰੱਖਦੇ ਹੋਏ ਹੀ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਰਹਿਣਾ ਚਾਹੀਦਾ ਹੈ। •



# ਜ਼ਿੰਦਗੀ ਜਿਊਣਾ ਵੀ ਹੈ ਕਲਾ

ਜ਼ਿੰਦਗੀ ਸਾਡੇ ਅਨੁਸਾਰ ਹੀ ਚੱਲੇ, ਇਹ ਬਿਲਕੁਲ ਸੰਭਵ ਨਹੀਂ ਪਰ ਹਾਂ, ਕੁਝ ਹੱਦ ਤਕ ਸਾਡੇ ’ਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਤਰ੍ਹਾਂ ਜ਼ਿੰਦਗੀ ਜਿਊ ਰਹੇ ਹਾਂ। ਸਹਿਜ ਤੇ ਖ਼ੁਸ਼ਗਵਾਰ ਜ਼ਿੰਦਗੀ ਜਿਊਣ ਲਈ ਸਭ ਤੋਂ ਪਹਿਲਾਂ ਆਪੇ ਦੀ ਪਛਾਣ ਕਰਨੀ ਅਤਿ ਜ਼ਰੂਰੀ ਹੈ...

• ਗੁਰਪ੍ਰੀਤ ਕੌਰ ਚਹਿਲ
90565-26703

ਜ਼ਿੰਦਗੀ ਮਹਿਜ਼ ਇਕ ਤਿੰਨ ਅੱਖਰੀ ਸ਼ਬਦ ਹੀ ਨਹੀਂ ਹੈ। ਸਗੋਂ ਇਹ ਆਪੇ ਦੀ ਬੁੱਕਲ ਵਿਚ ਡੂੰਘੇ ਅਰਥ ਸਮੋਈ ਬੈਠਾ ਹੈ। ਜ਼ਿੰਦਗੀ ਕੀ ਹੈ? ਇਸ ਦੀ ਪਰਿਭਾਸ਼ਾ ਕਰਨੀ ਸਮੁੰਦਰ ਦੀ ਡੂੰਘਾਈ ਨੂੰ ਨਾਪਣਾ ਹੈ। ਜ਼ਿੰਦਗੀ ਉਸ ਰਵਾਨਗੀ ਦਾ ਨਾਂ ਹੈ ਜਿਸ ਵਿਚ ਗ਼ਮ, ਖੇੜੇ, ਅਨੁਭਵ, ਕਲਪਨਾ, ਨਫ਼ਰਤ, ਪਿਆਰ ਆਦਿ ਜਜ਼ਬਾਤ ਦਾ ਕਾਫ਼ਲਾ ਨਿਰਵਿਘਨ ਚਲਦਾ ਰਹਿੰਦਾ ਹੈ।

ਸੱਚ ਤਾਂ ਇਹ ਹੈ ਕਿ ਜ਼ਿੰਦਗੀ ਜਿਊਣਾ ਵੀ ਇਕ ਕਲਾ ਹੈ। ਹਰ ਇਨਸਾਨ ਚਾਹੁੰਦਾ ਹੈ ਕਿ ਉਸ ਦੀ ਜ਼ਿੰਦਗੀ ਸੁਖਮਈ ਤੇ ਆਨੰਦਤ ਹੋਵੇ। ਜੀਵਨ ਵਿਚ ਸੁੱਖਾਂ ਦੀ ਲੋਚਾ ਕਰਨਾ ਅਤੇ ਦੁੱਖਾਂ ਤੋਂ ਘਬਰਾਉਣਾ ਹਰ ਮਨੁੱਖ ਦੀ ਸੁਭਾਵਿਕ ਫਿਤਰਤ ਹੈ। ਪਰ ਜ਼ਿੰਦਗੀ ਸਾਡੇ ਅਨੁਸਾਰ ਹੀ ਚੱਲੇ, ਇਹ ਬਿਲਕੁਲ ਸੰਭਵ ਨਹੀਂ ਪਰ ਹਾਂ, ਕੁਝ ਹੱਦ ਤਕ ਸਾਡੇ ’ਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਤਰ੍ਹਾਂ ਜ਼ਿੰਦਗੀ ਜਿਊ ਰਹੇ ਹਾਂ। ਸਹਿਜ ਤੇ ਖ਼ੁਸ਼ਗਵਾਰ ਜ਼ਿੰਦਗੀ ਜਿਊਣ ਲਈ ਸਭ ਤੋਂ ਪਹਿਲਾਂ ਆਪੇ ਦੀ ਪਛਾਣ ਕਰਨੀ ਅਤਿ ਜ਼ਰੂਰੀ ਹੈ। ਆਪੇ ਦੀ ਪਛਾਣ ਜਾਂ ਸਵੈ-ਪੜਚੋਲ ਮਨੁੱਖ ਨੂੰ ਯਥਾਰਥ ਦਾ ਸ਼ੀਸ਼ਾ ਦਿਖਾਉਂਦੀ ਹੈ। ਯਥਾਰਥ ਦੇ ਨੇੜੇ ਵਿਚਰਦੇ ਮਨੁੱਖ ਵਿਚ ਦੂਸਰਿਆਂ ਤੋਂ ਬੇਲੋੜੀਆਂ ਆਸਾਂ ਨਾ ਰੱਖਣ ਦੀ ਅਤੇ ਦੁਨਿਆਵੀ ਚਿਹਰਿਆਂ ਹੇਠੋਂ ਅਸਲੀ ਤੇ ਨਕਲੀ ਪਰਖਣ ਦੀ ਬੌਧਿਕ ਯੋਗਤਾ ਆ ਜਾਂਦੀ ਹੈ।

ਦੂਜੀ ਸਭ ਤੋਂ ਅਹਿਮ ਗੱਲ ਹੈ ਸਮੇਂ ਦੀ ਕਦਰ ਕਰਨਾ। ਕਿਉਂਕਿ ਜਿਸ ਸਮੇਂ ਨੂੰ ਅਸੀਂ ਵਿਅਰਥ ਗੁਆ ਦਿੰਦੇ ਹਾਂ ਉਹ ਸਾਡੀ ਬਦਕਿਸਮਤੀ ਦੇ ਖ਼ਜ਼ਾਨੇ ਵਿਚ ਜਮ੍ਹਾਂ ਹੁੰਦਾ ਰਹਿੰਦਾ ਹੈ। ਜਿਹੜੇ ਲੋਕ ਸਮੇਂ ਨੂੰ ਬਰਬਾਦ ਕਰਦੇ ਹਨ, ਸਮਾਂ ਉਨ੍ਹਾਂ ਨੂੰ ਬਰਬਾਦ ਕਰ ਦਿੰਦਾ ਹੈ। ਸੋ ਸਮੇਂ ਦੀ ਸਦਵਰਤੋਂ ਕਰਦੇ ਹੋਏ ਇਸ ਨੂੰ ਉਸਾਰੂ ਅਤੇ ਸਿਰਜਕ ਕੰਮਾਂ ਵਿਚ ਲਗਾਉਣ ਦੀ ਕੋਸ਼ਿਸ਼ ਕਰੋ। ਪਰ ਇਸ ਦੇ ਨਾਲ ਹੀ ਆਪਣੇ ਰੁਝੇਵਿਆਂ ਵਿੱਚੋਂ ਥੋੜ੍ਹਾ ਸਮਾਂ ਮਨੋਰੰਜਨ ਲਈ ਵੀ ਕੱਢਣਾ ਚਾਹੀਦਾ ਹੈ। ਜਿਸ ਨਾਲ ਸਾਡਾ ਦਿਮਾਗ਼ ਚੁਸਤ-ਦਰੁਸਤ ਅਤੇ ਤਰੋ-ਤਾਜ਼ਾ ਰਹੇ ਅਤੇ ਅਸੀਂ ਖ਼ੁਸ਼ਗਵਾਰ ਬਣੇ ਰਹੀਏ।

ਆਨੰਦਮਈ ਜ਼ਿੰਦਗੀ ਜਿਊਣ ਦੇ ਅਹਿਮ ਨੁਕਤਿਆਂ ਵਿੱਚੋਂ ਇਕ ਇਹ ਵੀ ਮਹੱਤਵਪੂਰਨ ਹੈ ਕਿ ਆਪਣਾ ਆਤਮ-ਵਿਸ਼ਵਾਸ ਕਦ ਵੀ ਨਾ ਡਗਮਗਾਉਣ ਦਿਉ। ਹੀਣ-ਭਾਵਨਾ ਵਿਕਾਸ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਇਹ ਸੋਚੋ ਕਿ ਰੱਬ ਨੇ ਤੁਹਾਡੇ ਵਰਗਾ ਇਨਸਾਨ ਦੁਨੀਆ ’ਤੇ ਕੇਵਲ ਇਕ ਹੀ ਬਣਾਇਆ ਹੈ ਤੇ ਉਹ ਤੁਸੀਂ ਹੋ। ਤੁਹਾਡਾ ਰੋਲ ਸਿਰਫ਼ ਤੇ ਸਿਰਫ਼ ਤੁਸੀਂ ਹੀ ਨਿਭਾਅ ਸਕਦੇ ਹੋ। ਆਪਣੀ ਕਾਬਲੀਅਤ ’ਤੇ ਕਦੇ ਵੀ ਸ਼ੱਕ ਨਾ ਕਰੋ। ਹੌਸਲਾ ਪਸਤ ਕਰਨ ਵਾਲੇ ਲੋਕਾਂ ਤੋਂ ਦੂਰ ਰਹੋ। ਦੂਜਿਆਂ ਨਾਲ ਆਪਣਾ ਵਿਵਹਾਰ ਉਸੇ ਤਰ੍ਹਾਂ ਦਾ ਰੱਖੋ, ਜਿਸ ਤਰ੍ਹਾਂ ਦਾ ਤੁਸੀਂ ਦੂਜਿਆਂ ਤੋਂ ਆਪਣੇ ਪ੍ਰਤੀ ਚਾਹੁੰਦੇ ਹੋ। ਬੇਲੋੜੀਆਂ ਉਮੀਦਾਂ ਤੇ ਇੱਛਾਵਾਂ ਮਨੁੱਖ ਦੇ ਦੁਖੀ ਹੋਣ ਦਾ ਸਭ ਤੋਂ



ਵੱਡਾ ਕਾਰਨ ਹੁੰਦੀਆਂ ਹਨ। ਜੋ ਕੁਝ ਤੁਹਾਡੇ ਕੋਲ ਹੈ, ਉਸੇ ਵਿਚ ਸੰਤੁਸ਼ਟ ਰਹਿਣਾ ਸਿੱਖੋ। ਕਿਉਂਕਿ ਕਈ ਲੋਕਾਂ ਕੋਲ ਤਾਂ ਇਹ ਸਭ ਕੁਝ ਵੀ ਨਹੀਂ ਹੈ, ਜੋ ਤੁਹਾਡੇ ਕੋਲ ਹੈ।

ਤਲਖੀ ਵਿਚ ਜਾਂ ਭਾਵੁਕਤਾ ਵਸ ਹੋ ਕੇ ਕੋਈ ਵੀ ਫ਼ੈਸਲਾ ਨਾ ਲਵੋ। ਕਿਉਂਕਿ ਅਜਿਹੇ ਵਿਚ ਕੀਤੇ ਫ਼ੈਸਲੇ ਅਕਸਰ ਗ਼ਲਤ ਸਾਬਿਤ ਹੁੰਦੇ ਹਨ। “ਰੁਕੋ-ਸੋਚੋ-ਕਰੋ” ਦਾ ਅਭਿਆਸ ਕਾਫ਼ੀ ਲਾਹੇਵੰਦ ਹੁੰਦਾ ਹੈ। ਕਈ ਵਾਰੀ ਅਸੀਂ ਭਾਵੁਕਤਾ ਵਿਚ ਜਾਂ ਬਹੁਤ ਜ਼ਿਆਦਾ ਗੁੱਸੇ ਵਿਚ ਆਪਣੀ ਪ੍ਰਤੀਕਿਰਿਆ ਦੇ ਦਿੰਦੇ ਹਨ। ਅਜਿਹੀ ਸਥਿਤੀ ਵਿਚ ਚੁੱਪ ਰਹਿਣਾ ਹੀ ਸਿਆਣਪ ਹੈ। ਨਿੰਦਕ ਅਤੇ ਨਕਾਰਾਤਮਕ ਰੁਚੀਆਂ ਵਾਲੇ ਲੋਕਾਂ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖੋ। ਜਦੋਂ ਕੋਈ ਵਿਅਕਤੀ ਸਾਡੇ ਸਾਹਮਣੇ ਦੂਸਰਿਆਂ ਦੀ ਨਿੰਦਿਆ ਕਰਦਾ ਹੈ ਤਾਂ ਅਸੀਂ ਨਕਾਰਾਤਮਕ ਊਰਜਾ ਨਾਲ ਭਰ ਜਾਂਦੇ ਹਾਂ। ਜਿਸ ਦਾ ਸਿੱਧਾ ਅਸਰ ਸਾਡੀ ਮਾਨਸਿਕ ਸਿਹਤ ਅਤੇ ਕੰਮ ਕਰਨ ਦੀ ਸਮਰੱਥਾ ’ਤੇ ਪੈਂਦਾ ਹੈ। ਕਿਉਂਕਿ ਨਿੰਦਾ ਹਮੇਸ਼ਾ ਨਕਾਰਾਤਮਕ ਹੀ ਹੁੰਦੀ ਹੈ। ਹਮੇਸ਼ਾ ਖ਼ੁਸ਼ਮਿਜ਼ਾਜ ਅਤੇ ਉਤਸ਼ਾਹੀ ਲੋਕਾਂ ਨਾਲ ਘਿਰੇ ਰਹੋ। ਕਿਉਂਕਿ ਅਜਿਹੇ ਲੋਕਾਂ ਤੋਂ ਸਾਨੂੰ ਸਕਾਰਾਤਮਕ ਊਰਜਾ ਮਿਲਦੀ ਹੈ।

ਕਿਸੇ ਦੀ ਬੁਰਾਈ ਜਾਂ ਨਿੰਦਿਆ ਭੁੱਲ ਕੇ ਵੀ ਨਾ ਕਰੋ, ਕਿਉਂਕਿ ਅਜਿਹਾ ਕਰਨ ਨਾਲ ਅਸੀਂ ਆਪਣੀਆਂ ਹੀ ਨਜ਼ਰਾਂ ਵਿਚ ਦੋਸ਼ੀ ਬਣ ਜਾਂਦੇ ਹਾਂ। ਸਾਡੇ ਸਵੈ-ਮਾਣ ਨੂੰ ਸੱਟ ਵੱਜਦੀ ਹੈ। ਹਮੇਸ਼ਾ ਨਰੋਆ ਤੇ ਚੰਗਾ ਸੋਚੋ, ਚੰਗਾ ਬੋਲੋ, ਚੰਗਾ ਕਰੋ। ਸੰਜਮ, ਸਹਿਣਸ਼ੀਲਤਾ ਤੇ ਨਿਮਰਤਾ ਨੂੰ ਆਪਣੇ ਸੁਭਾਉ ਵਿਚ ਸ਼ਾਮਲ ਕਰੋ। ਸੰਜਮ ਨਾਲ ਖਾਣਾ-ਪੀਣਾ, ਬੋਲਣਾ ਅਤੇ ਸੌਣਾ ਵੀ ਸੁਖੀ ਜ਼ਿੰਦਗੀ ਦੇ ਰਹੱਸ ਹਨ। ਗੁਰਬਾਣੀ ਵਿਚ ਵੀ ਲਿਖਿਆ ਹੈ, “ਲੇਖੈ ਬੋਲਣ ਬੋਲੀਐ, ਲੇਖੈ ਖਾਣਾ ਖਾਉ।” ਮੁਸ਼ਕਿਲ ਤੋਂ ਮੁਸ਼ਕਿਲ ਪ੍ਰਸਥਿਤੀਆਂ ਵਿਚ ਵੀ ਸਹਿਣਸ਼ੀਲਤਾ ਬਣਾਈ ਰੱਖੋ। ਆਪ ਤੋਂ ਛੋਟਿਆਂ ਨਾਲ ਪਿਆਰ ਸਹਿਤ ਅਤੇ ਵੱਡਿਆਂ ਨਾਲ ਨਿਮਰਤਾ ਨਾਲ ਪੇਸ਼ ਆਉ। ਚੰਗਾ ਤੇ ਨਰੋਆ ਸਾਹਿਤ ਪੜ੍ਹੋ। ਕਿਉਂਕਿ ਸਾਹਿਤ ਸਮਕਾਲੀ ਜੀਵਨ ਦਾ ਦਰਪਣ ਹੁੰਦਾ ਹੈ। ਜਿਸ ਨਾਲ ਸਾਡੇ ਵਿਚਾਰਾਂ ਵਿਚ ਵੀ ਨਰੋਆਪਣ ਆਉਂਦਾ ਹੈ।

ਇਸ ਪ੍ਰਕਾਰ ਜ਼ਿੰਦਗੀ ਦੇ ਗੁਜ਼ਰਦੇ ਹੋਏ ਹਰ ਇਕ ਪਲ ਨੂੰ ਸੁਨਹਿਰੀ ਪਲ ਦੀ ਤਰ੍ਹਾਂ ਸੰਜੋਅ ਕੇ ਰੱਖੋ। ਫਿਰ ਇਸ ਜ਼ਿੰਦਗੀ ਤੋਂ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਹੋਵੇਗੀ। ਸਗੋਂ ਇਸ ਨੂੰ ਮਾਣਨ ਦਾ ਚਾਅ ਤੇ ਉਲਾਸ ਦਿਲ ਵਿਚ ਹੋਵੇਗਾ। ਫਿਰ ਕਾਦਰ ਦੀ ਇਹ ਕੁਦਰਤ ਸੁੰਦਰ ਅਤੇ ਰੰਗੀਨ ਨਜ਼ਰ ਆਵੇਗੀ। ਆਉ ਜ਼ਿੰਦਗੀ ਰੂਪੀ ਇਸ ਜਜ਼ਬਾਤ ਦੇ ਦਰਿਆ ਵਿੱਚੋਂ ਆਪੇ ਦੀ ਪਛਾਣ ਕਰੀਏ ਤੇ ਸਮੇਂ ਦੀ ਕਦਰ ਕਰਦੇ ਹੋਏ ਅੱਗੇ ਵਧੀਏ। ਫਿਰ ਦੇਖਣਾ ਇਹ ਜ਼ਿੰਦਗੀ ਸਾਰੇ ਰਹੱਸਾਂ ਨੂੰ ਆਪਣੇ ਆਪ ਹੀ ਉਜਾਗਰ ਕਰ ਦੇਵੇਗੀ। •

ਆਲੋਚਨਾ ਕਿਸੇ ਦਲੀਲ ਦੇ ਆਧਾਰ ’ਤੇ ਨਿਮਰਤਾ ਨਾਲ ਕੀਤੀ ਜਾ ਸਕਦੀ ਹੈ। ਬੇਤੁਕੀਆਂ ਗੱਲਾਂ ਰਾਹੀਂ ਵਿਰੋਧ ਕਰ ਕੇ ਅਸੀਂ ਸਿਰਫ਼ ਆਪਣੀ ਨਫ਼ਰਤ ਦੀ ਅੱਗ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿਸ ਦਾ ਸਾਡੇ ਸਮਾਜ ਉੱਪਰ ਬਹੁਤ ਬੁਰਾ ਅਸਰ ਪੈਂਦਾ ਹੈ...

# ਵਿਕਾਸ ਲਈ ਸਹਾਈ ਹੈ ਆਲੋਚਨਾ

• ਅਤਿੰਦਰਪਾਲ ਸਿੰਘ ਪਰਮਾਰ
81468 08995

ਜ਼ਿੰਦਗੀ ਜਿੱਤਾਂ ਅਤੇ ਹਾਰਾਂ ਦਾ ਨਿਰੰਤਰ ਚੱਲਣ ਵਾਲਾ ਸਫ਼ਰ ਹੈ। ਇਸਦਾ ਹਰ ਕਦਮ ਤੁਹਾਨੂੰ ਕਿਸੇ ਨਾ ਕਿਸੇ ਅਹਿਸਾਸ ਨਾਲ ਮੁਲਾਕਾਤ ਕਰਵਾਉਣ ਵਿਚ ਮਦਦਗਾਰ ਸਾਬਤ ਹੁੰਦਾ ਹੈ। ਬਸ ਲੋੜ ਹੁੰਦੀ ਹੈ ਆਪਣੇ ਨਜ਼ਰੀਏ, ਆਪਣੀ ਸੋਚ ਨੂੰ ਉੱਚਾ ਚੁੱਕਣ ਦੀ। ਸਮਾਜ ਵਿਚ ਰਹਿਣ ਲਈ ਸਾਨੂੰ ਸਮਾਜ ਦਾ ਸਾਹਮਣਾ ਕਰਨਾ ਹੀ ਪੈਣਾ ਹੈ। ਇਹ ਸਾਹਮਣਾ ਤੁਹਾਡੀ ਪ੍ਰਸੰਸਾ ਜਾਂ ਫੇਰ ਤੁਹਾਡੀ ਆਲੋਚਨਾ ਦੇ ਰੂਪ ਵਿਚ ਹੋਵੇਗਾ। ਆਪਣੇ ਕੰਮ ਪ੍ਰਤੀ ਇਮਾਨਦਾਰ ਸੋਚ ਤੇ ਵਿਸ਼ਵਾਸ ਤੁਹਾਨੂੰ ਸਫਲ ਕਰਨ ਲਈ ਕਾਫ਼ੀ ਹੈ। ਲੋਕ ਕੀ ਕਹਿਣਗੇ, ਲੋਕਾਂ ਦੀ ਆਲੋਚਨਾ ਤੋਂ ਡਰੋ ਨਾ। ਆਲੋਚਨਾ, ਨਫ਼ਰਤ ਵਰਗੇ ਨਕਾਰਾਤਮਕ ਪਹਿਲੂ ਹੀ ਵਿਕਾਸ ਦੀ ਉਪਜ ਕਰਦੇ ਹਨ। ਅੱਜ ਕੱਲ੍ਹ ਸਬਰ ਤੇ ਨਿਮਰਤਾ ਦਿਨ ਪ੍ਰਤੀ ਦਿਨ ਘੱਟ ਰਹੀ ਹੈ। ਸਮਾਜ ਅੰਦਰ ਨਫ਼ਰਤ ਦਾ ਸਾੜਾ ਵੱਧ ਰਿਹਾ ਹੈ। ਅਸੀਂ ਅੱਗੇ ਕਿਵੇਂ ਵੱਧਣਾ ਹੈ, ਸਾਡਾ ਇਸ ਉੱਪਰ ਧਿਆਨ ਨਾ ਹੋ ਕੇ ਕਿਸੇ ਹੋਰ ਨੂੰ ਅੱਗੇ ਵਧਣ ਤੋਂ ਰੋਕਣ ਵੱਲ ਜ਼ਿਆਦਾ ਹੁੰਦਾ ਹੈ।





ਵਿਰੋਧ ਤੇ ਆਲੋਚਨਾ ਵਿਕਾਸ ਕਰਨ ਵਿਚ ਸਹਾਈ ਹੁੰਦੇ ਹਨ। ਕਿਉਂਕਿ ਕਿਸੇ ਵੀ ਚੀਜ਼ ਦਾ ਜਿੰਨਾ ਜ਼ਿਆਦਾ ਵਿਰੋਧ ਹੋਵੇਗਾ ਉਸ ਬਾਰੇ ਜਾਣਨ ਦੀ ਉਤਸੁਕਤਾ ਲੋਕਾਂ ਵਿਚ ਓਨੀ ਹੀ ਜ਼ਿਆਦਾ ਵੱਧ ਜਾਂਦੀ ਹੈ। ਆਲੋਚਨਾ ਜਾਂ ਕਿਸੇ ਦਾ ਮਾਰਿਆ ਤਾਹਨਾ ਤੁਹਾਨੂੰ ਅੱਗੇ ਵਧਣ ਲਈ ਹੌਸਲਾ ਵੀ ਦੇ ਸਕਦਾ ਹੈ ਅਤੇ ਤੁਹਾਨੂੰ ਅੰਦਰੋ ਤੋੜ ਵੀ ਸਕਦਾ ਹੈ। ਇਹ ਤੁਹਾਡੇ ਉੱਪਰ ਨਿਰਭਰ ਹੈ ਤੁਸੀਂ ਇਸ ਨੂੰ ਕਿਸ ਤਰ੍ਹਾਂ ਵੇਖਦੇ ਹੋ। ਇਹ ਆਲੋਚਨਾ ਉਸ ਪੱਥਰ ਦੀ ਰੁਕਾਵਟ ਵਾਂਗ ਹੈ ਜੋ ਲੋਕ ਤੁਹਾਡੇ ਰਾਹਾਂ ’ਚ ਸੁੱਟਦੇ ਰਹਿਣਗੇ। ਇਨ੍ਹਾਂ ਪੱਥਰਾਂ ਤੋਂ ਤੁਸੀਂ ਮੁਸੀਬਤਾਂ ਦੀ ਕੰਧ ਬਣਾਉਂਦੇ ਹੋ ਜਾਂ ਸਫਲਤਾ ਦਾ ਪੁੱਲ ਇਹ ਤੁਹਾਡੀ ਸੂਝ ਬੂਝ ਉੱਪਰ ਨਿਰਭਰ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਲੋਚਨਾ ਵਿਕਾਸ ਨੂੰ ਜਨਮ ਦਿੰਦੀ ਹੈ ਪ੍ਰੰਤੂ ਫੇਰ ਵੀ ਇਸ ਨੂੰ ਖ਼ਤਮ ਕਰਨ ਦੀ ਲੋੜ ਹੈ। ਫੇਰ ਵੀ ਕਿਤੇ ਨਾ ਕਿਤੇ ਇਹ ਆਲੋਚਨਾ ਤੇ ਨਫ਼ਰਤ ਦੀ ਭਾਵਨਾ ਸਾਡੇ ਸਮਾਜ ਉੱਪਰ ਇਕ ਕਲੰਕ ਹੈ। ਇਸ ਦੀ ਵਜ੍ਹਾ ਕਰਕੇ ਹੀ ਸਾਡੀ ਪਛਾਣ ਲੋਕਾਂ ਸਾਹਮਣੇ ਬਹੁਤ ਗਲਤ ਉੱਭਰਕੇ ਆਉਂਦੀ ਹੈ।

ਸਾਨੂੰ ਸਭ ਨੂੰ ਸਮਾਜ ਵਿੱਚੋ ਇਨ੍ਹਾਂ ਬੁਰਾਈਆਂ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹੋਣਾ ਪਵੇਗਾ। ਆਲੋਚਨਾ ਕਿਸੇ ਦਲੀਲ ਦੇ ਆਧਾਰ ’ਤੇ ਨਿਮਰਤਾ ਨਾਲ ਕੀਤੀ ਜਾ ਸਕਦੀ ਹੈ ਪਰ ਬੇਤੁਕੀਆਂ ਗੱਲਾਂ ਰਾਹੀਂ ਵਿਰੋਧ ਕਰ ਕੇ ਅਸੀਂ ਸਿਰਫ਼ ਆਪਣੀ ਨਫ਼ਰਤ ਦੀ ਅੱਗ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜਿਸ ਦਾ ਸਾਡੇ ਸਮਾਜ ਉੱਪਰ ਬਹੁਤ ਬੁਰਾ ਅਸਰ ਪੈਂਦਾ ਹੈ। ਆਲੋਚਨਾ ਕਿਸੇ ਦਾ ਮਨੋਬਲ ਤੋੜ ਸਕਦੀ ਹੈ ਉਸ ਨੂੰ ਅੱਗੇ ਵਧਣ ਤੋਂ ਰੋਕ ਸਕਦੀ ਹੈ। ਕਿਉਂਕਿ ਹਰ ਕਿਸੇ ਦਾ ਨਜ਼ਰੀਆ ਮਜ਼ਬੂਤ ਤੇ ਸਹੀ ਨਹੀਂ ਹੁੰਦਾ। ਸਕਾਰਾਤਮਕ ਸੋਚ ਦਾ ਬੀਜ ਸਮਾਜ ਅੰਦਰ ਤਾਂ ਹੀ ਪੁੰਗਰ ਸਕਦਾ ਹੈ। ਜੇ ਅਸੀਂ ਆਲੋਚਨਾ ਰੂਪੀ ਪ੍ਰਦੂਸ਼ਣ ਨੂੰ ਖ਼ਤਮ ਕਰਾਂਗੇ।

ਸਾਡੇ ਅਤੇ ਵਿਦੇਸ਼ੀ ਲੋਕਾਂ ਵਿਚ ਸੋਚ ਦਾ ਫ਼ਰਕ ਹੀ ਹੈ ਜੋ ਸਾਨੂੰ ਇਕ ਦੂਸਰੇ ਤੋਂ ਵੱਖ ਬਣਾਉਂਦਾ ਹੈ। ਉਦਾਹਰਣ ਦੇ ਤੌਰ ’ਤੇ ਅਸੀਂ ਵੇਖ ਸਕਦੇ ਹਾਂ ਕਿ ਕਿਸੇ ਅੰਗਹੀਣ ਜਾਂ ਵੀਲ੍ਹਚੇਅਰ ’ਤੇ ਬੈਠੇ ਬੰਦੇ ਨੂੰ ਵੇਖਕੇ ਵਿਦੇਸ਼ੀ ਗੋਰੇ ਲੋਕ ਹਲਕਾ ਜਿਹਾ ਮੁਸਕਰਾ ਕੇ ਅੱਗੇ ਲੰਘ ਜਾਂਦੇ ਹਨ। ਉਨ੍ਹਾਂ ਦੇ ਦਿਲ ਵਿਚ ਕੁਝ ਵੀ ਹੋਵੇ ਪਰ ਇਹ ਹਲਕੀ ਜਿਹੀ ਮੁਸਕਰਾਹਟ ਕਿਸੇ ਦੀ ਖ਼ੁਸ਼ੀ ਦਾ ਕਾਰਨ ਬਣ ਜਾਂਦੀ ਹੈ। ਇਹ ਉਸ ਲਈ ਕਿਸੇ ਪ੍ਰਸੰਸਾ ਤੋਂ ਘੱਟ ਨਹੀਂ ਹੁੰਦਾ।

ਪਰ ਦੂਸਰੇ ਪਾਸੇ ਸਾਡੇ ਲੋਕ ਉਸ ਮਜਬੂਰ ਬੇਵੱਸ ਬੰਦੇ ਵੱਲ ਅੱਗੇ ਲੰਘ ਜਾਣ ਦੇ ਬਾਵਜੂਦ ਗਰਦਨ ਮੋੜ ਕੇ ਵੇਖਦੇ ਰਹਿੰਦੇ ਹਨ। ਉਨ੍ਹਾਂ ਦੇ ਵੇਖਣ ਦਾ ਢੰਗ ਹੀਣਤਾ ਮਹਿਸੂਸ ਕਰਵਾਉਂਦਾ ਹੈ। ਦੁਖੀ ਬੰਦੇ ਕੋਲ ਹੋਰ ਨਕਾਰਾਤਮਕ ਗੱਲਾਂ ਕਰ ਕੇ ਅਸੀਂ ਉਸ ਨੂੰ ਕਮਜ਼ੋਰ ਕਰ ਕੇ ਹਮਦਰਦੀ ਦਾ ਪਾਤਰ ਬਣਾ ਦਿੰਦੇ ਹਾਂ।

ਆਉ ਪੱਛਮੀ ਸੱਭਿਆਚਾਰ ਤੋਂ ਗ਼ਲਤ ਗੱਲਾਂ ਸਿੱਖਣ ਦੀ ਥਾਂ ਅਸੀਂ ਕੁਝ ਚੰਗੀਆਂ ਗੱਲਾਂ ਵੀ ਸਿੱਖ ਲਈਏ। ਜੋ ਸਾਡੇ ਸਮਾਜ ਨੂੰ ਮਜ਼ਬੂਤ ਕਰਨ ਵਿਚ ਸਹਾਈ ਹੋ ਸਕਦੀਆਂ ਹਨ। ਵਿਦੇਸ਼ਾਂ ਵਿਚ ਕੁੜੀਆਂ ਮੁੰਡਿਆਂ ਵਿਚ ਕੋਈ ਵਿਤਕਰਾ ਨਹੀਂ ਹੈ ਜਾਂ ਉੱਥੋਂ ਦੀ ਹਵਾ ਵਿਚ ਘੁਟਣ ਨਹੀਂ ਹੈ ਜਿਸ ਕਰ ਕੇ ਉੱਥੇ ਬਲਾਤਕਾਰ ਸਾਡੇ ਨਾਲੋਂ ਬਹੁਤ ਘੱਟ ਹੁੰਦੇ ਹਨ। ਉੱਥੇ ਨਦੀਆਂ ਸਮੁੰਦਰਾਂ ਨੂੰ ਸਾਡੇ ਵਾਂਗ ਪੂਜਣ ਦਾ ਰਿਵਾਜ ਨਹੀਂ ਸ਼ਾਇਦ ਇਸ ਕਰ ਕੇ ਉੱਥੇ ਨਦੀਆਂ ਸਾਫ਼ ਸੁਥਰੀ ਹਨ। ਕਦੋਂ ਤਕ ਅਸੀਂ ਆਲੋਚਨਾ ਦੀ ਦਲਦਲ ਵਿਚ ਧਸਦੇ ਰਹਾਂਗੇ। ਇਹ ਸੁਧਾਰ ਅਸੀਂ ਆਪਣੇ ਸਮਾਜ ਲਈ, ਆਪਣੀ ਆਉਣ ਵਾਲੀ ਨਸਲ ਲਈ ਕਰਨੇ ਹਨ।

ਆਉ ਅਸੀਂ ਆਪਣਾ ਸੱਭਿਆਚਾਰ ਸਾਂਭਕੇ ਰੱਖੀਏ ਤੇ ਦੂਸਰੀ ਸੱਭਿਅਤਾ ਦੀਆਂ ਚੰਗੀਆਂ ਆਦਤਾਂ, ਚੰਗੀ ਸੋਚ ਨੂੰ ਆਪਣੀ ਸੋਚ ਦਾ ਹਿੱਸਾ ਬਣਾਈਏ। ਆਉਣ ਵਾਲੇ ਸਮੇਂ ਵਿਚ ਸਾਡੇ ਬੱਚੇ ਨਫ਼ਰਤ, ਆਲੋਚਨਾ ਵਾਲੀ ਸੋਚ ਤੋਂ ਬਚ ਸਕਣ। ਅੱਗੇ ਵੱਧਣ ਲਈ ਸਹੀ ਤਰੀਕੇ ਤੇ ਮਿਹਨਤ ਦਾ ਰਾਹ ਅਪਨਾਉਣ। •

# ਜ਼ਿੰਦਗੀ ਮਾਣਨ ਦਾ ਨਾਂ ਹੈ

ਜ਼ਿੰਦਗੀ ਦਾ ਅਨੰਦ ਮਾਣਨ ਲਈ ਜ਼ਰੂਰੀ ਹੈ ਕਿ ਮਨੁੱਖ ਆਪਣੇ ਆਪ ਤੋਂ ਜਾਣੂ ਹੋਵੇ। ਭਾਵੇਂ ਕਿ ਅੱਜ ਦੇ ਮਨੁੱਖ ਨੇ ਸਮੁੰਦਰ ਦੀ ਗਹਿਰਾਈ ਨੂੰ ਮਾਪ ਲਿਆ ਹੈ। ਅੰਬਰੋਂ ਤਾਰੇ ਤੋੜ ਕੇ ਲਿਆਉਣਾ ਹੁਣ ਸੁਪਨਾ ਨਹੀਂ ਰਿਹਾ...

• ਬਲਬੀਰ ਸਿੰਘ ਸੱਗੂ
9417170515

ਜ਼ਿੰਦਗੀ ਇਕ ਸਫ਼ਰ ਹੈ ਤੇ ਹਰ ਪ੍ਰਾਣੀ ਇਸ ਨੂੰ ਹਾਲਾਤ ਅਨੁਸਾਰ ਪੂਰਾ ਕਰਦਾ ਹੈ। ਕੋਈ ਸਫ਼ਰ ਦੌਰਾਨ ਗੱਡੀ ਦੇ ਡੱਬੇ ਅੰਦਰ ਲਿਖੇ ਮਾਟੋਆਂ ਨੂੰ ਪੜ੍ਹ ਕੇ ਆਨੰਦ ਲੈਂਦਾ ਤੇ ਉਸ ਵਿੱਚੋਂ ਮਤਲਬ ਦੀਆਂ ਗੱਲਾਂ ਲੱਭਦਾ ਹੈ। ਪ੍ਰੰਤੂ ਜੋ ਵਿਅਕਤੀ ਸੁੱਤਾ ਪਿਆ ਹੈ ਉਹ ਉਹ ਸਫ਼ਰ ਕੱਟਦਾ ਹੀ ਹੈ, ਮਾਣਦਾ ਨਹੀਂ। ਇਸੇ ਤਰ੍ਹਾਂ ਕੁਝ ਲੋਕ ਜ਼ਿੰਦਗੀ ਕੱਟਦੇ ਹੀ ਹਨ ਮਾਣਦੇ ਨਹੀਂ।

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਜ਼ਿੰਦਗੀ ਸਿਰਫ਼ ਮੌਜ-ਮਸਤੀ ਦਾ ਨਾਂ ਹੈ। ਉਹ ਸਾਰਾ ਦਿਨ ਆਪਣੀ ਮੌਜ-ਮਸਤੀ ਵਿਚ ਹੀ ਰਹਿੰਦੇ ਹਨ। ਉਹ ਆਪਣੇ ਖਾਣ-ਪੀਣ ਦਾ ਪ੍ਰਬੰਧ ਕਿਵੇਂ ਨਾ ਕਿਵੇਂ ਕਰ ਹੀ ਲੈਂਦੇ ਹਨ। ਉਹ ਦੂਸਰਿਆਂ ਦਾ ਖ਼ਿਆਲ ਕਦੇ ਨਹੀਂ ਕਰਦੇ। ਉਨ੍ਹਾਂ ਨੂੰ ਤਾਂ ਸਿਰਫ਼ ਆਪਣੀ ਮੌਜ-ਮਸਤੀ ਤਕ ਹੀ ਮਤਲਬ ਹੁੰਦਾ ਹੈ। ਇਸ ਦੇ ਲਈ ਉਹ ਹਰ ਜਾਇਜ਼-ਨਜਾਇਜ਼ ਢੰਗ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਪ੍ਰੰਤੂ ਕਈ ਲੋਕ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦੀਆਂ ਪਰਿਵਾਰਕ ਲੋੜਾਂ ਦਿਨ ਭਰ ਮਿੱਟੀ ਨਾਲ ਮਿੱਟੀ ਹੋ ਕੇ ਵੀ ਮਸਾਂ ਹੀ ਪੂਰੀਆਂ ਹੁੰਦੀਆਂ ਹਨ। ਜੇ ਇਹੋ ਜਿਹੇ ਲੋਕਾਂ ਨੂੰ ਜ਼ਿੰਦਗੀ ਦੇ ਅਰਥ ਪੁੱਛੇ ਜਾਣ ਤਾਂ ਉਹ ਇਹੀ ਕਹਿੰਦੇ ਹਨ, ‘ਜੀ ਸਾਡੀ ਕਾਹਦੀ ਜ਼ਿੰਦਗੀ ਐ ਰਾਤ ਨੂੰ ਖਾ ਕੇ ਸੌਂਦੇ ਆ, ਦੂਜੇ ਦਿਨ ਚੜ੍ਹਦੇ ਸਾਰ ਹੀ ਫਿਰ ਰੋਟੀ-ਪਾਣੀ ਦਾ ਫ਼ਿਕਰ ਹੋ ਜਾਂਦਾ ਐ। ਜ਼ਿੰਦਗੀ ਤਾਂ ਸਾਨੂੰ ਕੋਹਲੂ ਦੇ ਬੈਲ ਵਾਂਗ ਲੱਗਦੀ ਐ।’ ਇਹੋ ਜਿਹੇ ਲੋਕਾਂ ਦੀ ਜ਼ਿੰਦਗੀ ਤਾਂ ਬਸ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਹੀ ਲੰਘ ਜਾਂਦੀ ਹੈ।

ਕੁਝ ਲੋਕ ਜ਼ਿੰਦਗੀ ਵਿਚ ਮਿਲੇ ਪਦਾਰਥਾਂ ਨੂੰ ਪਰਮਾਤਮਾ ਦੀ ਦੇਣ ਮੰਨਦੇ ਹਨ। ਉਹ ਹਮੇਸ਼ਾ ਪਰਮਾਤਮਾ ਦੀ ਰਜ਼ਾ ਵਿਚ ਹੀ ਰਹਿੰਦੇ ਹਨ। ਦਰਅਸਲ ਇਸ ਤਰ੍ਹਾਂ ਦੇ ਲੋਕ ਸੰਤੁਸ਼ਟ ਮਨ ਵਾਲੇ ਹੁੰਦੇ ਹਨ। ਉਨ੍ਹਾਂ ਦਾ ਖ਼ਿਆਲ ਹੁੰਦਾ ਹੈ, ‘ਭਾਈ ਕੰਮ ਬੰਦੇ ਦਾ ਕਰਮ ਐ, ਉਸ ਨੂੰ ਖੁਸ਼ੀ-ਖੁਸ਼ੀ ਉਸ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਕਰੋ।’ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਮਿਹਨਤ ਤੇ ਦ੍ਰਿੜ ਇਰਾਦੇ ਨਾਲ ਆਪਣੇ ਆਪ ਨੂੰ ਉੱਚੀਆਂ ਮੰਜ਼ਿਲਾਂ ’ਤੇ ਲੈ ਜਾਂਦੇ ਹਨ। ਜ਼ਿੰਦਗੀ ਦਾ ਪਾਸਾ ਬਦਲਣ ਵਾਲੇ ਇਹੋ ਜਿਹੇ ਲੋਕ ਆਪਣੀ ਵੱਖਰੀ ਪਛਾਣ ਬਣਾ ਲੈਂਦੇ ਹਨ ਤੇ ਆਉਣ ਵਾਲੀਆਂ ਪੀੜੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।

ਦੁਨੀਆ ਇਹੋ ਜਿਹੇ ਇਨਸਾਨਾਂ ਨੂੰ ਹਮੇਸ਼ਾ ਉਨ੍ਹਾਂ ਦੇ ਆਤਮ-ਵਿਸ਼ਵਾਸ, ਦ੍ਰਿੜ ਇਰਾਦੇ ਤੇ ਸਖ਼ਤ ਮਿਹਨਤੀ ਹੋਣ ਕਰਕੇ ਹਮੇਸ਼ਾ ਯਾਦ ਕਰਦੀ ਹੈ। ਜੇ ਅਸੀਂ ਇਬਰਾਹਿਮ ਲਿੰਕਨ ਦੀ ਗੱਲ ਕਰੀਏ ਤਾਂ ਉਹ ਗ਼ਰੀਬ ਪਰਿਵਾਰ ਵਿੱਚੋਂ ਹੀ ਸੀ। ਜਿਸ ਕੋਲ ਪੜ੍ਹਨ ਲਈ ਕਿਤਾਬ ਤੇ ਰਹਿਣ ਲਈ ਘਰ ਵੀ ਨਹੀਂ ਸੀ। ਪਰ ਉਹ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਇਕ ਦਿਨ ਅਮਰੀਕਾ ਦਾ ਰਾਸ਼ਟਰਪਤੀ ਬਣਿਆ। ਇਸੇ ਤਰ੍ਹਾਂ ਕਵਿੱਤਰੀ ਹਰਾਇਨੀ ਰੂਸ ਦੀ ਮਲਿਕਾ ਫ਼ੌਜ ਵਿਚ ਸਿਰਫ਼ ਇਕ ਨੌਕਰਾਣੀ ਹੀ ਸੀ। ਜਰਮਨੀ ਦਾ ਡਿਕਟੇਟਰ ਹਿਟਲਰ ਇਕ ਅਖ਼ਬਾਰ ਵੇਚਣ ਵਾਲਾ ਹੀ ਸੀ। ਹੋਰ ਵੀ ਬਹੁਤ ਵਿਅਕਤੀ ਹਨ ਜੋ ਸਖ਼ਤ ਮਿਹਨਤ ਤੇ ਲਗਨ ਸਦਕਾ ਉੱਚੀਆਂ ਪਦਵੀਆਂ ’ਤੇ ਪਹੁੰਚੇ ਹਨ।



ਦਰਅਸਲ ਜ਼ਿੰਦਗੀ ਦਾ ਅਨੰਦ ਮਾਣਨ ਲਈ ਜ਼ਰੂਰੀ ਹੈ ਕਿ ਮਨੁੱਖ ਆਪਣੇ ਆਪ ਤੋਂ ਜਾਣੂ ਹੋਵੇ। ਭਾਵੇਂ ਕਿ ਅੱਜ ਦੇ ਮਨੁੱਖ ਨੇ ਸਮੁੰਦਰ ਦੀ ਗਹਿਰਾਈ ਨੂੰ ਮਾਪ ਲਿਆ ਹੈ। ਅੰਬਰੋਂ ਤਾਰੇ ਤੋੜ ਕੇ ਲਿਆਉਣਾ ਹੁਣ ਸੁਪਨਾ ਨਹੀਂ ਰਿਹਾ। ਇੱਥੋਂ ਤਕ ਕਿ ਮਨੁੱਖ ਨੇ ਮਨੁੱਖ ਤੋਂ ਬਗ਼ੈਰ ਵੀ ਮਨੁੱਖ ਤਿਆਰ ਕਰ ਲਿਆ ਹੈ ਪ੍ਰੰਤੂ ਮਨੁੱਖ ਆਪਣੇ ਆਪ ਨੂੰ ਪਛਾਣਨ ਤੋਂ ਅਜੇ ਵੀ ਦੂਰ ਹੈ। ਮਨੁੱਖ ਗਿਆਨ ਦੇ ਸਮੁੰਦਰ ਵਿਚ ਡੁੱਬ ਕੇ ਵੀ ਹਨੇਰੇ ਵਿਚ ਹੀ ਗੋਤੇ ਖਾ ਰਿਹਾ ਹੈ। ਲੋਭ-ਲਾਲਚ, ਹੰਕਾਰ, ਖ਼ੁਦਗਰਜੀ, ਨਿਰਾਸ਼ਤਾ ਸਾਡੇ ਅੰਦਰ ਘਰ ਕਰ ਗਏ ਹਨ।

ਅਸੀਂ ਆਰਾਮ ਦੀ ਭਾਲ ਵਿਚ ਸਾਰੀ ਉਮਰ ਬੇਅਰਾਮੀ ਦੇ ਲੇਖੇ ਲਾ ਰਹੇ ਹਾਂ। ਸਾਡੇ ਅੰਦਰ ਅਥਾਹ ਸ਼ਕਤੀਆਂ ਤੇ ਸਾਰਥਿਕ ਗੁਣ ਮੌਜੂਦ ਹਨ ਪ੍ਰੰਤੂ ਅਸੀਂ ਆਪਣੇ-ਆਪ ’ਤੇ ਵਿਸ਼ਵਾਸ ਨਹੀਂ ਕਰਦੇ ਤੇ ਇੱਧਰ-ਉਧਰ ਭਟਕ ਰਹੇ ਹਾਂ। •

# 100 ਸਭ ਤੋਂ ਸ਼ਕਤੀਸ਼ਾਲੀ ਔਰਤਾਂ ’ਚੋਂ 80% ਦੀਆਂ ਉਮਰਾਂ 50 ਸਾਲ ਤੋਂ ਵੱਧ



ਮਿਸੀਸਾਗਾ: ਦੁਨੀਆਂ ਭਰ ਦੀਆਂ ਜ਼ਿਆਦਾਤਰ ਔਰਤਾਂ 50 ਸਾਲ ਦੀ ਉਮਰ ਤੋਂ ਬਾਅਦ ਆਪਣੇ ਕਰੀਅਰ ’ਚ ਅੱਗੇ ਵਧਦੀਆਂ ਹਨ ਅਤੇ ਕੰਪਨੀਆਂ ਇਸ ਤੱਥ ਨੂੰ ਸਮਝਣਾ ਚਾਹੀਦਾ ਹੈ। ਫ਼ੋਰਬਜ਼ 100 ਸਭ ਤੋਂ ਸ਼ਕਤੀਸ਼ਾਲੀ ਔਰਤਾਂ ਦੀ ਸੂਚੀ ਦੀ ਤਾਜ਼ਾ ਦਰਜਾਬੰਦੀ ਔਰਤਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਕਰੀਅਰ ਦੇ ਸਿਖਰ ’ਤੇ ਦਰਸਾਉਂਦੀ ਹੈ।

ਇਨ੍ਹਾਂ ’ਚੋਂ 80 ਫ਼ੀਸਦੀ 50 ਸਾਲ ਤੋਂ ਵੱਧ ਉਮਰ ਦੀਆਂ ਹਨ ਅਤੇ ਅੱਧਿਆਂ ਦੀ ਉਮਰ 60 ਸਾਲ ਤੋਂ ਉੱਪਰ ਹੈ। ਸਾਰੀਆਂ ਰੂੜ੍ਹੀਵਾਦੀ ਅਤੇ ਵਿਰਾਸਤੀ ਕਹਾਣੀਆਂ, ਪਰੀਆਂ ਦੀਆਂ ਕਹਾਣੀਆਂ ਅਤੇ ਫ਼ਿਲਮਾਂ ਦੇ ਬਾਵਜੂਦ - ਜੋ ਬਜ਼ੁਰਗ ਔਰਤਾਂ ਨੂੰ ਡਰਾਉਣੀਆਂ ਅਤੇ ਝੁਰੜੀਆਂ ਵਾਲੇ ਇੱਕ ਕ੍ਰੋਨਜ਼ (ਡਾਇਣ) ਦੇ ਰੂਪ ’ਚ ਦਰਸਾਉਂਦੀਆਂ ਹਨ, ਪਰ ਅਜੋਕੇ ਸਮੇਂ ਉਭਰਦੀ ਹਕੀਕਤ ਇਹ ਹੈ ਕਿ ਔਰਤਾਂ 50ਵਿਆਂ ਤੋਂ ਬਾਅਦ ਆਪਣੀ ਉਮਰ ਦੇ Q-3 ’ਚ ਪ੍ਰਵੇਸਲ ਕਰਦੀਆਂ ਹਨ, ਉਮਰ ਦੀ ਤੀਜੀ ਤਿਮਾਹੀ ਜੋ 50-75 ਸਾਲ ਦਰਮਿਆਨ ਆਪਣੇ ਜੋਬਨ ’ਤੇ ਹੁੰਦੀ ਹੈ।

ਔਰਤਾਂ ਜੀਵਨ ਦੇ ਸਾਰੇ ਖੇਤਰਾਂ ’ਚ ਅਤੇ ਇੱਥੋਂ ਤਕ ਕਿ ਕੁੱਝ ਅਣਕਿਆਸੇ ਦੇਸ਼ਾਂ ’ਚ ਵੀ ਪੂਰੀ ਤਰ੍ਹਾਂ ਸਵੈ-ਵਾਸਤਵਿਕ, ਆਵਾਜ਼ ਅਤੇ ਦ੍ਰਿਸ਼ਮਾਨ ਬਣ ਰਹੀਆਂ ਹਨ। ਔਰਤਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਤਰੱਕੀ ਕਰਨ ’ਚ ਥੋੜ੍ਹਾ ਜ਼ਿਆਦਾ ਸਮਾਂ ਲੱਗਦਾ ਹੈ। ਅਸਲ ਵਿੱਚ, ਇਸ ’ਚ ਦਹਾਕੇ ਵੱਧ ਲੱਗ ਜਾਂਦੇ ਹਨ।

ਜ਼ਿਆਦਾਤਰ ਪੁਰਸ਼ ਆਪਣੇ 50 ਅਤੇ 60 ਦੇ ਦਹਾਕੇ ’ਚ ਵੱਡੇ-ਵੱਡੇ, ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਅਹੁਦਿਆਂ ’ਤੇ ਪਹੁੰਚਦੇ ਹਨ (ਤਕਨੀਕੀ ਖੇਤਰ ਉਪ੍ਰੋਕਤ ਕਥਨ ਦਾ ਇੱਕ ਮਹੱਤਵਪੂਰਣ ਅਪਵਾਦ ਹੈ)। ਜ਼ਿਆਦਾਤਰ ਔਰਤਾਂ ਅਜੇ ਵੀ Q-2 ’ਚ ਪੂੰਜੀਵਾਦ, ਕਰੀਅਰ ਅਤੇ ਦੇਖਭਾਲ (ਬੱਚਿਆਂ, ਬਜ਼ੁਰਗਾਂ, ਜੀਵਨ ਸਾਥੀ ਅਤੇ ਉਨ੍ਹਾਂ ਦੀ ਲੋੜ ਵਾਲੇ ਕਿਸੇ ਹੋਰ ਵਿਅਕਤੀ) ਦੇ ਅਸੰਭਵ ਵਿਰੋਧਾਭਾਸ ਨੂੰ ਬਰਦਾਸ਼ਤ ਕਰ ਰਹੀਆਂ ਹੁੰਦੀਆਂ ਹਨ, ਮਤਲਬ ਕਿ ਉਹ ਔਸਤਨ ਥੋੜ੍ਹੀ ਦੇਰ ਨਾਲ ਖਿੜਦੀਆਂ ਹਨ।

**ਪਹਿਲੇ ਨੰਬਰ ’ਤੇ ਆਈ ਮਹਿਲਾ ਹੈ ਇੱਕ ਰੋਲ ਮਾਡਲ**

ਫ਼ੋਰਬਜ਼ ਰੈਂਕਿੰਗ ’ਚ (ਲਗਾਤਾਰ ਦੂਜੀ ਵਾਰ) ਪਹਿਲੇ ਨੰਬਰ ’ਤੇ ਆਈ ਔਰਤ ਇੱਕ ਰੋਲ ਮਾਡਲ ਹੈ, ਇੱਕ ਉਦਾਹਰਣ ਹੈ। ਉਰਸੁਲਾ ਵਾਨ ਡੇਰ ਲੇਅਨ ਯੌਰਪੀਅਨ ਕਮਿਸ਼ਨ ਦੀ 65 ਸਾਲਾ ਪ੍ਰਧਾਨ ਹੈ। ਉਸ ਨੂੰ 61 ਸਾਲ ਦੀ ਉਮਰ ’ਚ ਯੌਰਪੀਅਨ ਯੂਨੀਅਨ ਦੇ 27 ਦੇਸ਼ਾਂ ’ਚ 45 ਕਰੋੜ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੀ ਸਰਕਾਰ ਦੀ ਅਗਵਾਈ ਕਰਨ ਲਈ ਚੁਣਿਆ ਗਿਆ ਸੀ। 26 ਸਾਲ ਦੀ ਉਮਰ ’ਚ ਉਸ ਨੇ 1986 ’ਚ ਇੱਕ ਰਵਾਇਤੀ ਰਸਮ ’ਚ ਆਪਣੇ ਡਾਕਟਰ ਪਤੀ ਨਾਲ ਵਿਆਹ ਕੀਤਾ ਅਤੇ ਅਗਲੇ 13 ਸਾਲਾਂ ’ਚ ਉਸ ਦੇ ਸੱਤ ਬੱਚੇ ਹੋਏ। ਬਹੁਤ ਸਾਰੀਆਂ ਔਰਤਾਂ ਵਾਂਗ, ਉਸ ਨੇ ਵੀ ਪਰਿਵਾਰ ਨੂੰ ਤਰਜੀਹ ਦਿੰਦੇ ਹੋਏ ਦੂਜੀ ਤਿਮਾਹੀ ਬਿਤਾਈ। ਉਹ 46 ਸਾਲ ਦੀ ਉਮਰ ’ਚ 2005 ’ਚ ਪਰਿਵਾਰ ਅਤੇ ਯੁਵਾ ਮੰਤਰੀ ਵਜੋਂ ਐਂਗਲਾ ਮਰਕਲ ਦੀ ਸਰਕਾਰ ’ਚ ਸ਼ਾਮਿਲ ਹੋਈ ਅਤੇ ਜਲਦੀ ਹੀ ਉਸ ਅਹੁਦੇ ਤੋਂ ਹੱਟ ਗਈ। ਸ਼ਾਇਦ ਉਸ ਦੀ ਇੱਕ ਮਹਿਲਾ ਬੌਸ ਸੀ ਜਿਸ ਨੇ ਉਸ ਨੂੰ ਉੱਪਰ ਜਾਣ ਦਾ ਮੌਕਾ ਦਿੱਤਾ ਅਤੇ ਫ਼ਿਰ ਉਸ ਨੂੰ ਰੱਖਿਆ ਮੰਤਰੀ ਵਰਗੀਆਂ ਕੁੱਝ ਗ਼ੈਰ-ਰਿਵਾਇਤੀ ਭੂਮਿਕਾਵਾਂ ’ਚ ਰੱਖਦਿਆਂ ਤਰੱਕੀ ਦਿੱਤੀ।

# ਸ਼ੇਖ਼ ਹਸੀਨਾ ਨੇ ਭਾਰਤ ਨੂੰ ਦੱਸਿਆ ਮਹਾਨ ਦੋਸਤ

ਗੀਜਾਈਨਾ: ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਢਾਕਾ ਸਥਿਤ ਆਪਣੀ ਰਿਹਾਇਸ਼ ਗਣਭਵਨ ਵਿਖੇ ਮੀਡੀਆ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ’ਚ ਉਨ੍ਹਾਂ ਨੇ ਭਾਰਤ ਨੂੰ ਸੱਚਾ ਦੋਸਤ ਦੱਸਿਆ ਅਤੇ ਨਾਲ ਹੀ ਕਿਹਾ ਸਾਡੇ ਉਨ੍ਹਾਂ ਨਾਲ ਸ਼ਾਨਦਾਰ ਸਬੰਧ ਹਨ। ਬੀਤੇ ਦਿਨੀਂ ਹੋਈਆਂ ਆਮ ਚੋਣਾਂ ’ਚ ਉਹ ਪੰਜਵੀਂ ਵਾਰ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਚੁਣੀ ਗਈ। ਹਸੀਨਾ ਦੀ ਪਾਰਟੀ ਅਵਾਮੀ ਲੀਗ ਨੇ 300 ਸੀਟਾਂ ਵਾਲੀ ਬੰਗਲਾਦੇਸ਼ੀ ਸੰਸਦ ’ਚ 223 ਸੀਟਾਂ ਜਿੱਤੀਆਂ ਹਨ। ਕੁੱਲ 299 ਸੀਟਾਂ ਲਈ ਚੋਣਾਂ ਹੋਈਆਂ ਸਨ। ਕਿਸੇ ਉਮੀਦਵਾਰ ਦੀ ਮੌਤ ਹੋਣ ਕਾਰਨ ਉਸ ਸੀਟ ’ਤੇ ਬਾਅਦ ’ਚ ਉਪ ਚੋਣ ਹੋਵੇਗੀ। ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਦੀ ਅਗਵਾਈ ਵਾਲੀ ਮੁੱਖ ਵਿਰੋਧੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਅਤੇ ਇਸ ਦੇ ਸਹਿਯੋਗੀਆਂ ਨੇ ਆਮ ਚੋਣਾਂ ਦਾ ਬਾਈਕਾਟ ਕੀਤਾ ਸੀ।



ਸ਼ੇਖ਼ ਹਸੀਨਾ ਨੇ ਆਪਣੀ ਜਿੱਤ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕਿਹਾ, “ਜਿਹੜੇ ਅਤਿਵਾਦੀ ਸੰਗਠਨਾਂ ਨਾਲ ਸਬੰਧ ਰੱਖਦੇ ਹਨ ਜਾਂ ਗ਼ੈਰ-ਕਾਨੂੰਨੀ ਗਤੀਵਿਧੀਆਂ ’ਚ ਲੱਗੇ ਹੋਏ ਹਨ, ਉਹ ਚੋਣਾਂ ਤੋਂ ਡਰਦੇ ਹਨ। ਉਹ ਚੋਣ ਲੜਨ ਤੋਂ ਬਚਦੇ ਹਨ। ਇਸ ਤਰ੍ਹਾਂ ਉਹ ਮੇਰੀ ਨਹੀਂ ਬਲਕਿ ਬੰਗਲਾਦੇਸ਼ ਦੇ ਲੋਕਾਂ ਦੀ ਜਿੱਤ ’ਚ ਯੋਗਦਾਨ ਪਾਉਂਦੇ ਹਨ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾ ਸਕੇ।” ਉਨ੍ਹਾਂ ਕਿਹਾ, “ਤੁਹਾਨੂੰ ਯਾਦ ਹੋਣਾ ਚਾਹੀਦਾ ਹੈ, ਮੇਰੇ ਪਿਤਾ ਦੇ ਕਤਲ ਤੋਂ ਬਾਅਦ ਵੀ ਮੈਂ ਦੇਸ਼ ’ਚ ਲੋਕਤੰਤਰ ਸਥਾਪਿਤ ਕਰਨ ਦੇ ਉਦੇਸ਼ ਨਾਲ ਹੀ ਬੰਗਲਾਦੇਸ਼ ਪਰਤਣ ਦਾ ਫ਼ੈਸਲਾ ਕੀਤਾ ਸੀ। ਕਈ ਵਾਰ ਮੈਨੂੰ ਜਾਨੋਂ ਮਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਇਸ ਨੇ ਕਦੇ ਵੀ ਮੈਨੂੰ ਰੋਕਿਆ ਨਹੀਂ।”

ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਆਪਣੀ ਚੋਣ ਜਿੱਤ ਤੋਂ ਬਾਅਦ ਕਿਹਾ ਕਿ ਭਾਰਤ ਬੰਗਲਾਦੇਸ਼ ਦਾ ਇੱਕ ਸੱਚਾ ਮਿੱਤਰ ਹੈ ਅਤੇ ਸਾਡੇ ਸ਼ਾਨਦਾਰ ਸਬੰਧ ਹਨ। ਹਸੀਨਾ ਨੇ ਕਿਹਾ, “ਭਾਰਤ ਬੰਗਲਾਦੇਸ਼ ਦਾ ਬਹੁਤ ਚੰਗਾ ਅਤੇ ਸੱਚਾ ਦੋਸਤ ਹੈ। ਉਸ ਨੇ 1971 ਅਤੇ 1975 ’ਚ ਸਾਡਾ ਸਾਥ ਦਿੱਤਾ। ਅਸੀਂ ਭਾਰਤ ਨੂੰ ਆਪਣਾ ਗੁਆਂਢੀ ਮੰਨਦੇ ਹਾਂ। ਮੈਂ ਸੱਚਮੁੱਚ ਇਸ ਗੱਲ ਦੀ ਸ਼ਲਾਘਾ ਕਰਦੀ ਹਾਂ ਕਿ ਭਾਰਤ ਨਾਲ ਸਾਡੇ ਸ਼ਾਨਦਾਰ ਸਬੰਧ ਹਨ।” ਉਨ੍ਹਾਂ ਨੇ ਭਵਿੱਖ ’ਚ ਭਾਰਤ ਅਤੇ ਬੰਗਲਾਦੇਸ਼ ਦੇ ਸਬੰਧਾਂ ਨੂੰ ਹੋਰ ਉਚਾਈਆਂ ਤਕ ਲਿਜਾਣ ਦੇ ਆਪਣੇ ਸੰਕਲਪ ਨੂੰ ਦੁਹਰਾਇਆ। ਸ਼ੇਖ਼ ਹਸੀਨਾ ਨੇ ਮੀਡੀਆ ਸਾਹਮਣੇ 2041 ਤਕ ਬੰਗਲਾਦੇਸ਼ ਨੂੰ ਇੱਕ ਵਿਕਸਿਤ ਦੇਸ਼ ਬਣਾਉਣ ਦਾ ਆਪਣਾ ਵਿਜ਼ਨ ਵੀ ਪੇਸ਼ ਕੀਤਾ।

ਉਨ੍ਹਾਂ ਕਿਹਾ, “ਕੁਦਰਤੀ ਤੌਰ ’ਤੇ ਸਾਡੇ ਲੋਕ ਬਹੁਤ ਹੁਸ਼ਿਆਰ ਹਨ ਅਤੇ ਜਿਵੇਂ ਮੈਂ ਕਿਹਾ ਸੀ ਕਿ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਭਵਿੱਖ ਲਈ ਸਿਖਲਾਈ ਦੇਣਾ ਚਾਹੁੰਦੇ ਹਾਂ। ਸਾਡਾ ਟੀਚਾ 2041 ਤਕ ਦੇਸ਼ ਦਾ ਵਿਕਾਸ ਕਰਨਾ ਹੈ। ਸਮਾਰਟ ਆਬਾਦੀ, ਸਮਾਰਟ ਸਰਕਾਰ, ਸਮਾਰਟ ਆਰਥਿਕਤਾ ਅਤੇ ਸਮਾਰਟ ਸਮਾਜ ਸਾਡੇ ਮੁੱਖ ਉਦੇਸ਼ ਹਨ। ਅਗਲੇ ਪੰਜ ਸਾਲਾਂ ’ਚ ਸਾਡਾ ਮੁੱਖ ਫ਼ੋਕੱਸ ਆਰਥਿਕ ਤਰੱਕੀ ਅਤੇ ਅਸੀਂ ਜੋ ਵੀ ਕੰਮ ਸ਼ੁਰੂ ਕੀਤਾ ਹੈ ਉਸ ਨੂੰ ਪੂਰਾ ਕਰਨਾ ਹੋਵੇਗਾ। ਅਸੀਂ ਪਹਿਲਾਂ ਹੀ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰ ਚੁੱਕੇ ਹਾਂ। ਅਸੀਂ ਜਦੋਂ ਵੀ ਆਪਣਾ ਬਜਟ ਬਣਾਉਂਦੇ ਹਾਂ ਤਾਂ ਚੋਣ ਮਨੋਰਥ ਪੱਤਰ ’ਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਲੋਕਾਂ ਅਤੇ ਦੇਸ਼ ਦਾ ਵਿਕਾਸ ਸਾਡਾ ਮੁੱਖ ਉਦੇਸ਼ ਹੈ।”

# ਚਾਰ ਮਹੀਨਿਆਂ ਦੀ ਗਰਭਵਤੀ ਔਰਤ ਦਾ ਗੋਲੀਆਂ ਮਾਰ ਕੇ ਕਤਲ

ਪੱਟੀ: ਪੱਟੀ ਦੇ ਵਾਰਡ ਨੰਬਰ ਦੋ ’ਚ ਕੁੱਝ ਨੌਜਵਾਨਾਂ ਨੇ ਘਰ ਅੰਦਰ ਦਾਖਲ ਹੋ ਕੇ ਇੱਕ ਗਰਭਵਤੀ ਔਰਤ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮਿਲੀ ਜਾਣਕਾਰੀ ਮੁਤਾਬਿਕ ਮ੍ਰਿਤਕਾ ਦੀ ਪਛਾਣ ਸੁਨੀਤਾ (30) ਪਤਨੀ ਰਾਜਾ ਵਜੋਂ ਹੋਈ ਹੈ ਜੋ ਚਾਰ ਮਹੀਨਿਆਂ ਦੀ ਗਰਭਵਤੀ ਸੀ। ਮ੍ਰਿਤਕਾ ਦੀ ਸੱਸ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਰਾਜੇ ਦਾ ਇਲਾਕੇ ਦੇ ਬੌਬੀ ਨਾਮਕ ਨੌਜਵਾਨ ਨਾਲ ਝਗੜਾ ਹੋਇਆ ਸੀ ਜਿਸ ਦਾ ਬੀਤੀ ਸ਼ਾਮ ਨੂੰ ਮੋਹਤਵਰਾਂ ਨੇ ਰਾਜ਼ੀਨਾਮਾ ਕਰਵਾ ਦਿੱਤਾ ਸੀ।

ਇਸ ਦੌਰਾਨ ਬੌਬੀ ਉਨ੍ਹਾਂ ਦੇ ਘਰ ਆਇਆ ਅਤੇ ਰਾਜੇ ਨੂੰ ਮਾਰਨ ਦੀ ਨੀਅਤ ਨਾਲ ਗੋਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ’ਚ ਰਾਜੇ ਦੀ ਪਤਨੀ ਸੁਨੀਤਾ ਦੀ ਗੋਲੀਆਂ ਲੱਗਣ ਕਾਰਨ ਮੌਤ ਹੋ ਗਈ। ਇਹ ਵਾਰਦਾਤ ਤੋਂ ਬਾਅਦ ਚੀਕ ਚਿਹਾੜਾ ਪੈ ਗਿਆ ਅਤੇ ਹਮਲਾਵਰ ਤੇਜ਼ੀ ਨਾਲ ਫ਼ਰਾਰ ਹੋ ਗਿਆ। ਵਾਰਦਾਤ ਦਾ ਪਤਾ ਲੱਗਦੇ ਹੀ ਪੁਲੀਸ ਵੀ ਮੌਕੇ ’ਤੇ ਪਹੁੰਚ ਗਈ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ। ਔਰਤ ਦੀ ਮੌਤ ਤੋਂ ਬਾਅਦ ਪਰਿਵਾਰ ਵਲੋਂ DSP ਦੇ ਦਫ਼ਤਰ ਅੱਗੇ ਧਰਨਾ ਲਗਾਇਆ ਗਿਆ ਹੈ।

# ਸਲਮਾਨ ਖ਼ਾਨ ਦੇ ਫ਼ਾਰਮ ਹਾਊਸ ’ਚ ਘੁਸਪੈਠ ਕਰਨ ਵਾਲੇ ਦੋ ਵਿਅਕਤੀ ਪੁਲੀਸ ਨੇ ਫ਼ੜੇ



ਮੁੰਬਈ: ਪਨਵੇਲ ’ਚ ਅਭਿਨੇਤਾ ਸਲਮਾਨ ਖਾਨ ਦੇ ਫ਼ਾਰਮ ਹਾਊਸ ’ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਦੋ ਵਿਅਕਤੀਆਂ ਨੂੰ ਪੁਲੀਸ ਨੇ ਹਿਰਾਸਤ ’ਚ ਲਿਆ ਹੈ। ਇੰਸਪੈਕਟਰ ਅਨਿਲ ਪਾਟਿਲ ਨੇ ਦੱਸਿਆ ਕਿ ਮੁਲਜ਼ਮਾਂ ਨੂੰ 4 ਜਨਵਰੀ ਨੂੰ ਗਾਰਡਾਂ ਵਲੋਂ ਸਲਮਾਨ ਦੇ ਅਰਪਿਤਾ ਫ਼ਾਰਮ ਹਾਊਸ ਦੇ ਅੰਦਰ ਘੁਸਪੈਠ ਕਰਦੇ ਹੋਏ ਫ਼ੜਿਆ ਗਿਆ ਸੀ। ਫ਼ੜੇ ਜਾਣ ਤੋਂ ਬਾਅਦ ਵਿਅਕਤੀਆਂ ਨੇ ਆਪਣੇ ਫ਼ਰਜ਼ੀ ਨਾਮ ਅਤੇ ਪਤੇ ਦੱਸੇ। ਉਨ੍ਹਾਂ ਦੱਸਿਆ ਕਿ ਫ਼ਿਲਹਾਲ ਦੋਵੇਂ ਪੁਲੀਸ ਹਿਰਾਸਤ ’ਚ ਹਨ।

# ਡਾਕਘਰ ਘੁਟਾਲੇ ਤੋਂ ਪ੍ਰਭਾਵਿਤ ਭਾਰਤੀਆਂ ਨੂੰ ਮੁਆਵਜ਼ੇ ਦੀ ਤਿਆਰੀ - ਸੁਨਕ

ਕਿਚਨਰ: ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਸਰਕਾਰ ਉਸ ਘੁਟਾਲੇ ’ਚ ਮੁਆਵਜ਼ਾ ਦੇਣ ਦੀ ਤਿਆਰੀ ਕਰ ਰਹੀ ਹੈ ਜਿਸ ’ਚ ਸੈਂਕੜੇ ਸਬ-ਪੋਸਟਮਾਸਟਰਾਂ ’ਤੇ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਸੀ। ਝੂਠੇ ਦੋਸ਼ਾਂ ਦਾ ਸਾਹਮਣਾ ਕਰਨ ਵਾਲਿਆਂ ’ਚ ਭਾਰਤੀ ਮੂਲ ਦੇ ਕਈ ਲੋਕ ਸ਼ਾਮਿਲ ਸਨ।



ਇੱਕ ਇੰਟਰਵਿਊ ਵਿੱਚ, ਸੁਨਕ ਨੂੰ 1990 ਦੇ ਦਹਾਕੇ ਦੇ ਅਖੀਰ ’ਚ ਹੋਰਾਈਜ਼ਨ ਨਾਮਕ ਇੱਕ ਨੁਕਸਦਾਰ IT ਸਿਸਟਮ ਨੂੰ ਸ਼ਾਮਿਲ ਕਰਨ ਵਾਲੇ ਇਤਿਹਾਸਕ ਘੁਟਾਲੇ ਬਾਰੇ ਪੁੱਛਿਆ ਗਿਆ ਸੀ। ਸੁਨਕ ਨੇ ਕਿਹਾ ਕਿ ਸਪੱਸ਼ਟ ਤੌਰ ’ਤੇ 90 ਦੇ ਦਹਾਕੇ ’ਚ ਜੋ ਵਾਪਰਿਆ ਉਹ ਸੱਚਮੁੱਚ ਇੱਕ ਭਿਆਨਕ ਤਸ਼ੱਦਦ ਸੀ। ਇਹ ਸਾਰੇ ਪ੍ਰਭਾਵਿਤ ਲੋਕਾਂ ਲਈ ਇੱਕ ਡਰਾਉਣਾ ਸੁਪਨਾ ਸੀ। ਹੁਣ ਉਨ੍ਹਾਂ ਲੋਕਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਜਿਸ ਦੇ ਉਹ ਹੱਕਦਾਰ ਹਨ।

ਸਰਕਾਰ ਨੇ ਪੀੜਤਾਂ ਨੂੰ 15 ਕਰੋੜ ਪਾਊਂਡ ਦਾ ਮੁਆਵਜ਼ਾ ਦਿੱਤਾ ਹੈ। ਪੀੜਤਾਂ ਲਈ ਹੁਣ ਤਿੰਨ ਵੱਖ-ਵੱਖ ਯੋਜਨਾਵਾਂ ਉਪਲਬਧ ਹਨ। ਨੁਕਸਦਾਰ ਲੇਖਾ ਪ੍ਰਣਾਲੀ ਤੋਂ ਪ੍ਰਭਾਵਿਤ ਦਰਜਨਾਂ ਲੋਕਾਂ ਨੇ ਅਦਾਲਤ ਦਾ ਰੁਖ਼ ਕੀਤਾ ਸੀ। ਇਸ ਫ਼ਰਜ਼ੀ ਘੁਟਾਲੇ ਤੋਂ 700 ਤੋਂ ਵੱਧ ਸਬ-ਪੋਸਟ ਮਾਸਟਰਜ਼ ਪ੍ਰਭਾਵਿਤ ਹਨ। ਸੀਮਾ ਬਿਸਵਾਸ ਵੀ ਪ੍ਰਭਾਵਿਤਾਂ ’ਚ ਸ਼ਾਮਿਲ ਹੈ। ਉਸ ਨੂੰ 2021 ’ਚ ਅਦਾਲਤ ਤੋਂ ਰਾਹਤ ਮਿਲੀ ਸੀ।

# ਬਿਲਕਿਸ ਬਾਨੋ ਕੇਸ ’ਚ ਸੁਪਰੀਮ ਕੋਰਟ ਵਲੋਂ 11 ਦੋਸ਼ੀਆਂ ਦੀ ਰਿਹਾਈ ਰੱਦ



ਮਾਲਟਨ: ਸੁਪਰੀਮ ਕੋਰਟ ਨੇ ਗੁਜਰਾਤ ’ਚ 2002 ਦੇ ਦੰਗਿਆਂ ਦੌਰਾਨ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਿਵਾਰ ਦੇ ਸੱਤ ਮੈਂਬਰਾਂ ਦੇ ਕਤਲ ਦੇ ਮਾਮਲੇ ’ਚ 11 ਦੋਸ਼ੀਆਂ ਨੂੰ ਸਜ਼ਾ ਤੋਂ ਛੋਟ ਦੇਣ ਦੇ ਰਾਜ ਸਰਕਾਰ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ। ਜੱਜ ਬੀ. ਵੀ. ਨਾਗਰਤਨ ਅਤੇ ਜੱਜ ਉਜਵਲ ਭੂਈਆਂ ਦੀ ਬੈਂਚ ਨੇ ਸਜ਼ਾ ’ਚ ਛੋਟ ਨੂੰ ਚੁਣੌਤੀ ਦੇਣ ਵਾਲੀਆਂ ਜਨਹਿਤ ਪਟੀਸ਼ਨਾਂ ਨੂੰ ਸੁਣਵਾਈ ਯੋਗ ਕਰਾਰ ਦਿੰਦੇ ਹੋਏ ਕਿਹਾ ਕਿ ਗੁਜਰਾਤ ਸਰਕਾਰ ਸਜ਼ਾ ’ਚ ਛੋਟ ਦਾ ਆਦੇਸ਼ ਦੇਣ ਲਈ ਉਚਿਤ ਸਰਕਾਰ ਨਹੀਂ। ਸੁਪਰੀਮ ਕੋਰਟ ਨੇ 11 ਦੋਸ਼ੀਆਂ ਨੂੰ ਦੋ ਹਫ਼ਤਿਆਂ ਅੰਦਰ ਜੇਲ੍ਹ ਅਧਿਕਾਰੀਆਂ ਦੇ ਸਾਹਮਣੇ ਆਤਮ ਸਮਰਪਣ ਕਰਨ ਦਾ ਨਿਰਦੇਸ਼ ਦਿੱਤਾ ਹੈ। ਕੋਰਟ ਨੇ ਦੋਸ਼ੀਆਂ ਦੀ ਸਜ਼ਾ ਮੁਆਫ਼ੀ ’ਤੇ ਦੂਜੀ ਬੈਂਚ ਦੇ 13 ਮਈ 2022 ਦੇ ਆਦੇਸ਼ ’ਤੇ ਕਿਹਾ ਕਿ ਇਹ ਅਦਾਲਤ ਨੂੰ ਗੁੰਮਰਾਹ ਕਰ ਕੇ ਹਾਸਿਲ ਕੀਤਾ ਗਿਆ।ਘਟਨਾ ਦੇ ਸਮੇਂ ਬਿਲਕਿਸ ਬਾਨੋ 21 ਸਾਲ ਦੀ ਸੀ ਅਤੇ ਪੰਜ ਮਹੀਨਿਆਂ ਦੀ ਗਰਭਵਤੀ ਸੀ। ਬਾਨੋ ਨਾਲ ਗੋਧਰਾ ਟਰੇਨ ’ਚ ਅੱਗ ਲਗਾਏ ਜਾਣ ਦੀ ਘਟਨਾ ਤੋਂ ਬਾਅਦ ਭੜਕੇ ਦੰਗਿਆਂ ਦੌਰਾਨ ਬਲਾਤਕਾਰ ਕੀਤਾ ਗਿਆ। ਦੰਗਿਆਂ ’ਚ ਮਾਰੇ ਗਏ ਬਾਨੋ ਦੇ ਪਰਿਵਾਰ ਦੇ ਸੱਤ ਮੈਂਬਰਾਂ ’ਚ ਉਸ ਦੀ ਤਿੰਨ ਸਾਲਾ ਧੀ ਵੀ ਸ਼ਾਮਿਲ ਸੀ। ਗੁਜਰਾਤ ਸਰਕਾਰ ਨੇ ਸਾਰੇ 11 ਦੋਸ਼ੀਆਂ ਨੂੰ 15 ਅਗਸਤ 2022 ਨੂੰ ਸਜ਼ਾ ’ਚ ਛੋਟ ਦੇ ਦਿੱਤੀ ਸੀ ਅਤੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਸੀ।

# ਪੰਨੂ ਵਲੋਂ ਅਯੁਧਿਆ ਤਕ ਹਵਾਈ ਅੱਡੇ ਬੰਦ ਕਰਨ ਦਾ ਸੱਦਾ



ਸਰੀ: ਖ਼ਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਨੇ 22 ਜਨਵਰੀ ਨੂੰ ਰਾਮ ਮੰਦਰ ਸਮਾਗਮ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਅਯੁਧਿਆ ਜਾਣ ਵਾਲੇ ਹਵਾਈ ਅੱਡੇ ਬੰਦ ਕਰਨ ਦਾ ਸੱਦਾ ਦਿੱਤਾ ਹੈ। ਗ਼ੈਰ-ਕਾਨੂੰਨੀ ਐਲਾਨੀ ਗਈ ਸਿਖਸ ਫ਼ੌਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਨੇ ਭਾਰਤ ਦੇ ਮੁਸਲਮਾਨਾਂ ਨੂੰ ਸਮਾਰੋਹ ਦਾ ਵਿਰੋਧ ਕਰਨ ਲਈ ਕਿਹਾ ਅਤੇ ਉਨ੍ਹਾਂ ਨੂੰ ਭਾਰਤ ’ਚੋਂ ਉਰਦੂਸਤਾਨ ਬਣਾਉਣ ਦੀ ਅਪੀਲ ਕੀਤੀ।

ਪੰਨੂ ਨੇ ਜਾਰੀ ਕੀਤੇ ਤਾਜ਼ਾ ਵੀਡੀਓ ਸੰਦੇਸ਼ ’ਚ ਕਿਹਾ, “ਅੰਮ੍ਰਿਤਸਰ ਤੋਂ ਅਯੁਧਿਆ ਤਕ ਹਵਾਈ ਅੱਡੇ ਬੰਦ ਕਰੋ। ਹੁਣ ਸਮਾਂ ਆ ਗਿਆ ਹੈ, ਮੁਸਲਮਾਨੋ, ਤੁਸੀਂ ਭਾਰਤ ’ਚੋਂ ਇੱਕ ਦੇਸ਼ ਉਰਦੂਸਤਾਨ ਬਣਾਓ।

# ਕਾਂਗਰਸ ਹਾਈ ਕਮਾਂਡ ਦੀ ਸਿੱਧੂ ਦੀਆਂ ਗਤੀਵਿਧੀਆਂ ’ਤੇ ਨਜ਼ਰ

ਮਾਲਟਨ: ਜਿੱਤੇਗੀ ਕਾਂਗਰਸ ਬੈਨਰ ਹੇਠ ਕੀਤੀ ਰੈਲੀ ਵਿਵਾਦਾਂ ਦੀਆਂ ਘੁੰਮਣ-ਘੇਰੀਆਂ ਦਰਮਿਆਨ ਸਿਰੇ ਚੜ ਗਈ, ਪਰ ਕਾਂਗਰਸ ਹਾਈ ਕਮਾਨ ਸਿੱਧੂ ਦੀਆਂ ਗਤੀਵਿਧੀਆਂ ’ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਜਾਣਕਾਰੀ ਅਨੁਸਾਰ ਪੰਜਾਬ ਕਾਂਗਰਸ ’ਚ ਕਸ਼ਮਕਸ਼ ਚੱਲ ਰਹੀ ਹੈ ਅਤੇ ਨਵਜੋਤ ਸਿੱਧੂ ਨੇ ਪੰਜਾਬ ’ਚ ਆਪਣੇ ਪੱਧਰ ’ਤੇ ਰੈਲੀਆਂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਸੂਤਰ ਦੱਸਦੇ ਹਨ ਕਿ ਹਾਈ ਕਮਾਨ ਕਾਹਲੀ ’ਚ ਕੋਈ ਫ਼ੈਸਲਾ ਨਹੀਂ ਲੈਣਾ ਚਾਹੁੰਦੀ ਅਤੇ ਅਜਿਹੇ ’ਚ ਹਾਈ ਕਮਾਨ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਗਰਾਊਂਡ ਤਿਆਰ ਕਰਨਾ ਚਾਹੁੰਦੀ ਹੈ, ਇਸ ਲਈ ਨਵਜੋਤ ਸਿੱਧੂ ਦੀਆਂ ਰੈਲੀਆਂ ਨੂੰ ਬਹੁਤ ਕਰੀਬ ਤੋਂ ਦੇਖਿਆ ਜਾ ਰਿਹਾ ਹੈ। ਦੂਜੇ ਪਾਸੇ ਰੈਲੀ ’ਚ ਕਾਂਗਰਸ ਦੇ ਕਰੀਬ ਅੱਧੀ ਦਰਜਨ ਸਾਬਕਾ ਵਿਧਾਇਕਾਂ ਸਮੇਤ ਸਿੱਧੂ ਸਮਰਥਕਾਂ ਨੇ ਤਸੱਲੀਬਖ਼ਸ਼ ਹਾਜ਼ਰੀ ਭਰੀ।



ਮੰਚ ’ਤੇ ਲੱਗੇ ਫ਼ਲੈਕਸ ’ਚ ਹੋਰ ਕਾਂਗਰਸੀ ਆਗੂਆਂ ਸਮੇਤ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਤਸਵੀਰ ਸ਼ਾਮਿਲ ਸੀ। ਇਹ ਗੱਲ ਵੱਖਰੀ ਹੈ ਕਿ ਵੜਿੰਗ ਅਤੇ ਪੰਜਾਬ ਵਿਧਾਨ ਸਭਾ ’ਚ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਿੱਧੂ ਵਲੋਂ ਅਜਿਹੀਆਂ ਰੈਲੀਆਂ ਦੀ ਖੁੱਲ੍ਹ ਕੇ ਮੁਖ਼ਾਲਫ਼ਤ ਕਰ ਚੁੱਕੇ ਹਨ, ਪਰ ਦੂਜੇ ਪਾਸੇ ਨਵਜੋਤ ਸਿੱਧੂ ਦਾ ਹਰ ਵਾਰ ਇਹੋ ਕਹਿਣਾ ਹੁੰਦਾ ਹੈ ਕਿ ਉਹ ਕਾਂਗਰਸ ਦੀ ਮਜ਼ਬੂਤੀ ਲਈ ਹੀ ਕੰਮ ਕਰ ਰਹੇ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅੱਜ ਦੀ ਰੈਲੀ ਨੂੰ ਕਾਂਗਰਸ ਹਾਈ ਕਮਾਨ ਸ਼ਿਸ਼ਤ ਬੰਨ੍ਹ ਕੇ ਲੁੱਕਵੇਂ ਢੰਗ ਨਾਲ ਵੇਖ ਰਹੀ ਸੀ।

ਦੱਸਿਆ ਜਾ ਰਿਹਾ ਹੈ ਕਿ ਇਸ ਰੈਲੀ ਤੋਂ ਬਾਅਦ ਆਹਲਾ ਲੀਡਰਸ਼ਿਪ ਕਿਸੇ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਸੋਚ ਸਕਦੀ ਹੈ। ਚਰਚਾ ਹੈ ਕਿ ਸਿੱਧੂ ਵਲੋਂ ਮਹਿਰਾਜ ਤੋਂ ਬਾਅਦ ਕੋਟਸ਼ਮੀਰ ਅਤੇ ਇਸ ਤੋਂ ਮਗਰੋਂ ਇੱਕ ਤੋਂ ਬਾਅਦ ਇੱਕ ਹੋਰ ਅਜਿਹੇ ਕੀਤੇ ਜਾ ਰਹੇ ਇਕੱਠਾਂ ਨੂੰ ਸੂਬੇ ਦੇ ਵੱਡੇ ਕਾਂਗਰਸੀ ਆਗੂ ਆਪਣੇ ਲਈ ਸਿਰਦਰਦੀ ਮੰਨ ਰਹੇ ਹਨ। ਇਸ ਸਬੰਧੀ ਉਹ ਪਹਿਲਾਂ ਵੀ ਕੇਂਦਰੀ ਕਾਂਗਰਸੀ ਆਗੂਆਂ ਕੋਲ ਸ਼ਿਕਾਇਤ ਕਰ ਚੁੱਕੇ ਹਨ ਅਤੇ ਹੁਣ ਵੀ ਕਰਨ ਦੀ ਉਮੀਦ ਹੈ। ਉਧਰ ਪੰਜਾਬ ਕਾਂਗਰਸ ਦੇ ਨਵੇਂ ਥਾਪੇ ਗਏ ਇੰਚਾਰਜ ਦੇਵੇਂਦਰ ਯਾਦਵ ਵੀ ਪਿਛਲੇ ਦਿਨੀਂ ਸਖ਼ਤ ਅਨੁਸਾਸ਼ਨੀ ਕਾਰਵਾਈ ਕਰਨ ਦਾ ਡਰਾਵਾ ਦੇ ਚੁੱਕੇ ਹਨ।

ਸੂਤਰ ਦੱਸਦੇ ਹਨ ਕਿ ਸਿੱਧੂ ਦੀ ਗਾਂਧੀ ਪਰਿਵਾਰ ਨਾਲ ਨੇੜਤਾ ਸੀਨੀਅਰ ਆਗੂਆਂ ਨੂੰ ਉਨ੍ਹਾਂ ਖ਼ਿਲਾਫ਼ ਕਾਰਵਾਈ ਦੇ ਰਾਹ ’ਚ ਅੜਿੱਕਾ ਬਣ ਰਹੀ ਹੈ। ਅਜਿਹੇ ’ਚ ਜੇਕਰ ਸਿੱਧੂ ਵਲੋਂ ਅਲਹਿਦਾ ਤੌਰ ’ਤੇ ਇਸੇ ਤਰ੍ਹਾਂ ਸਰਗਰਮੀਆਂ ਜਾਰੀ ਰਹਿੰਦੀਆਂ ਹਨ ਤਾਂ ਇਹ ਵਾਚਣ ਵਾਲਾ ਪੱਖ ਹੋਵੇਗਾ ਕਿ ਕੀ ਇਹ ਪਾਰਟੀ ਨੂੰ ਮਜ਼ਬੂਤ ਕਰਦੀਆਂ ਹਨ ਜਾਂ ਦੂਫ਼ੇੜ ਪੈਦਾ ਕਰਨ ਦਾ ਸਬੱਬ ਹੋ ਨਿੱਬੜਦੀਆਂ ਹਨ।

# ਭਾਰਤੀ ਮੂਲ ਦੇ ਸਟੋਰ ਵਰਕਰ ਨੇ ਕੈਨੇਡੀਅਨ ਪੁਲੀਸ ’ਤੇ ਕੀਤਾ ਮੁਕੱਦਮਾ, ਦਿੱਤੀ ਸੀ ਦੇਸ਼ ਨਿਕਾਲੇ ਦੀ ਧਮਕੀ

ਵਿਨੀਪੈੱਗ: ਕੈਨੇਡਾ ਦੇ ਸੂਬੇ ਮੈਨੀਟੋਬਾ ’ਚ ਭਾਰਤੀ ਮੂਲ ਦੇ ਇੱਕ ਸੁਵਿਧਾ ਸਟੋਰ ਕਰਮਚਾਰੀ ਨੇ ਬਿਨਾਂ ਵਾਰੰਟ ਦੇ ਉਸ ਦੀ ਜਗ੍ਹਾ ਦੀ ਤਲਾਸ਼ੀ ਲੈਣ ਅਤੇ ਉਸ ਨੂੰ ਦੇਸ਼ ਨਿਕਾਲੇ ਦੀ ਧਮਕੀ ਦੇਣ ਲਈ ਇੱਕ ਪੁਲੀਸ ਅਧਿਕਾਰੀ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ। ਸਾਰਜੈਂਟ ਐਵੇਨਿਊ ਸੁਵਿਧਾ ਸਟੋਰ ਦੇ ਇੱਕ ਕਲਰਕ ਹਰਜੋਤ ਸਿੰਘ ਨੇ ਕਿਹਾ ਕਿ ਵਿਨੀਪੈੱਗ ਪੁਲੀਸ ਅਧਿਕਾਰੀ ਜੈਫ਼ਰੀ ਨੌਰਮਨ ਦੀਆਂ ਕਾਰਵਾਈਆਂ ਨੇ ਉਸ ਨੂੰ ਇੰਨਾ ਹਿਲਾ ਦਿੱਤਾ ਕਿ ਉਸ ਨੇ ਸਟੋਰ ’ਚ ਆਪਣੀ ਨੌਕਰੀ ਛੱਡ ਦਿੱਤੀ।

CBC News ਚੈਨਲ ਨੇ ਦੱਸਿਆ ਕਿ ਸਿੰਘ ਨੂੰ ਕਿਹਾ ਗਿਆ ਸੀ ਕਿ ਉਸ ਨੂੰ ਇੱਕ ਪੁਲੀਸ ਅਧਿਕਾਰੀ ਦਾ ਮੋਬਾਇਲ ਖੋਹਣ ਅਤੇ ਉਸ ਨੂੰ ਹੱਥਕੜੀ ਲਾਉਣ ਤੋਂ ਬਾਅਦ ਉਸ ਦੇ ਕੰਮ ’ਚ ਰੁਕਾਵਟ ਪਾਉਣ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ। ਕਿੰਗਜ਼ ਬੈਂਚ ਦੀ ਮੈਨੀਟੋਬਾ ਅਦਾਲਤ ’ਚ ਸਿੰਘ ਦੁਆਰਾ ਪਿਛਲੇ ਮਹੀਨੇ ਦੇ ਅਖੀਰ ’ਚ ਦਾਇਰ ਕੀਤੇ ਗਏ ਦਾਅਵੇ ਦੇ ਇੱਕ ਬਿਆਨ ’ਚ ਕਿਹਾ ਗਿਆ ਕਿ ਨੌਰਮਨ ਦੁਕਾਨ ’ਚ ਦਾਖਲ ਹੋਣਾ ਚਾਹੁੰਦਾ ਸੀ ਜਦੋਂ ਕਿ ਇਹ ਪਿਛਲੇ ਸਾਲ 2 ਦਸੰਬਰ ਨੂੰ ਅਸਥਾਈ ਤੌਰ ’ਤੇ ਬੰਦ ਸੀ। ਸਿੰਘ ਨੇ ਥੋੜ੍ਹੇ ਜਿਹੇ ਅੰਤਰਾਲ ਤੋਂ ਬਾਅਦ ਦਰਵਾਜ਼ਾ ਖੋਲ੍ਹਿਆ ਅਤੇ ਨੌਰਮਨ ਫ਼ਿਰ ਬਿਨਾਂ ਵਾਰੰਟ ਦੇ ਇਮਾਰਤ ਦੀ ਤਲਾਸ਼ੀ ਲਈ ਅੱਗੇ ਵਧਿਆ।




ਬਿਆਨ ਤੋਂ ਪਤਾ ਲੱਗ ਕਿ ਨੌਰਮਨ ਨੇ ਸਿੰਘ ਤੋਂ ਪੁੱਛਗਿੱਛ ਕੀਤੀ ਅਤੇ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਉਹ ਸਹਿਯੋਗ ਨਹੀਂ ਕਰਦਾ ਤਾਂ ਉਸ ਨੂੰ ਕੈਨੇਡਾ ਤੋਂ ਡੀਪੋਰਟ ਕਰ ਦਿੱਤਾ ਜਾਵੇਗਾ। ਮੁਕੱਦਮੇ ਅਨੁਸਾਰ, ਜਿਸ ਤਰੀਕੇ ਨਾਲ ਤਲਾਸ਼ੀ ਲਈ ਗਈ, ਉਹ ਵਾਰੰਟ ਰਹਿਤ ਅਤੇ ਗ਼ੈਰ-ਵਾਜਬ ਸੀ। ਇਸ ਕਾਰਵਾਈ ਨੇ ਸਿੰਘ ਨੂੰ ਇੰਨਾ ਹਿਲਾ ਦਿੱਤਾ ਕਿ ਉਸ ਨੇ ਸਟੋਰ ਤੋਂ ਆਪਣੀ ਨੌਕਰੀ ਹੀ ਛੱਡ ਦਿੱਤੀ। ਹਾਲਾਂਕਿ ਦਾਅਵੇ ਦੇ ਬਿਆਨ ’ਚ ਕਿਸੇ ਵੀ ਦੋਸ਼ ਦੀ ਅਦਾਲਤ ’ਚ ਜਾਂਚ ਨਹੀਂ ਕੀਤੀ ਗਈ। ਮੁਕੱਦਮੇ ’ਚ ਦੋਸ਼ ਲਾਇਆ ਗਿਆ ਹੈ ਕਿ ਅਧਿਕਾਰੀ ਦਾ ਆਚਰਣ ਰਾਸ਼ਟਰੀ ਜਾਂ ਨਸਲੀ ਮੂਲ ਦੇ ਅਧਾਰ ’ਤੇ ਵਿਤਕਰੇ ਵਾਲਾ ਸੀ। ਇਸ ’ਚ ਅੱਗੇ ਕਿਹਾ ਗਿਆ ਕਿ ਨੌਰਮਨ ਦੀਆਂ ਕਾਰਵਾਈਆਂ ਜਿਵੇਂ ਝੂਠੀ ਕੈਦ ਅਤੇ ਮਨਮਾਨੀ ਨਜ਼ਰਬੰਦੀ, ਗ਼ੈਰ-ਵਾਜਬ ਤਲਾਸ਼ੀ ਅਤੇ ਜ਼ਬਤੀ ਸਿੰਘ ਦੇ ਚਾਰਟਰ ਅਧਿਕਾਰਾਂ ਦੀ ਉਲੰਘਣਾ ਹੈ।

ਆਮ ਤੌਰ ’ਤੇ ਸੰਵਿਧਾਨਕ ਅਤੇ ਦੰਡਕਾਰੀ ਹਰਜਾਨੇ ਦੀ ਅਣ-ਨਿਰਧਾਰਿਤ ਰਕਮ ਦੀ ਮੰਗ ਕਰਨ ਤੋਂ ਇਲਾਵਾ ਮੁਕੱਦਮੇ ਦੀ ਸੁਣਵਾਈ ਕਰ ਰਹੇ ਜੱਜ ਨੇ ਵਿਨੀਪੈੱਗ ਪੁਲੀਸ ਸੇਵਾ ਲਈ ਇੱਕ ਉਪਚਾਰੀ ਸਿੱਖਿਆ ਪ੍ਰੋਗਰਾਮ ਲਾਗੂ ਕਰਨ ਲਈ ਵਿਨੀਪੈੱਗ ਸਿਟੀ ਨੂੰ ਆਦੇਸ਼ ਦਿੱਤਾ। ਨੌਰਮਨ ਦੇ ਨਾਲ-ਨਾਲ ਵਿਨੀਪੈੱਗ ਸਿਟੀ ਨੂੰ ਵੀ ਮੁਕੱਦਮੇ ’ਚ ਪ੍ਰਤੀਵਾਦੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਹਾਲਾਂਕਿ ਬਚਾਅ ਪੱਖ ਦਾ ਕੋਈ ਬਿਆਨ ਅਜੇ ਤਕ ਦਾਇਰ ਨਹੀਂ ਕੀਤਾ ਗਿਆ। CBC ਨੇ ਰਿਪੋਰਟ ਦਿੱਤੀ ਕਿ ਨੌਰਮਨ ਨੂੰ ਘੱਟੋ-ਘੱਟ ਦੋ ਪਿਛਲੇ ਮੁਕੱਦਮਿਆਂ ’ਚ ਨਾਮਜ਼ਦ ਕੀਤਾ ਗਿਆ ਸੀ ਜਿਸ ’ਚ ਤਾਕਤ ਦੀ ਬਹੁਤ ਜ਼ਿਆਦਾ ਵਰਤੋਂ ਦਾ ਦੋਸ਼ ਲਗਾਏ ਗਏ ਸਨ।